HIGH STANDARD NEWS

# ਹਾਈ ਸਟੈਂਡਰਡ ਨਿਊਜ਼


HIGHSTANDARDNEWS

Date 25.06.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | June 2024 | Published in Punjab | Pages 8


## ਐਮਰਜੈਂਸੀ ਲਾਉਣ ਵਾਲਿਆਂ ਨੂੰ ਸੰਵਿਧਾਨ ਪ੍ਰਤੀ ਪਿਆਰ ਜ਼ਾਹਰ ਕਰਨ ਦਾ ਕੋਈ ਅਧਿਕਾਰ ਨਹੀਂ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਐਮਰਜੈਂਸੀ ਲਾਗੂ ਕਰ ਕੇ ਆਜ਼ਾਦੀ ਨੂੰ ਨਸ਼ਟ ਕੀਤਾ ਅਤੇ ਭਾਰਤ ਦੇ ਸੰਵਿਧਾਨ ਨੂੰ ਕੁਚਲਿਆ, ਉਨ੍ਹਾਂ ਨੂੰ ਸੰਵਿਧਾਨ ਪ੍ਰਤੀ ਪਿਆਰ ਜ਼ਾਹਰ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਐਮਰਜੈਂਸੀ ਦੀ ਬਰਸੀ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਤੋਂ ਬਾਅਦ ਇਕ ਪੋਸਟ ਵਿਚ ਕਿਹਾ ਕਿ ਜਿਸ ਮਾਨਸਿਕਤਾ ਕਾਰਨ ਦੇਸ਼ ਵਿਚ ਐਮਰਜੈਂਸੀ ਲਾਈ ਗਈ ਸੀ, ਉਹ ਅੱਜ ਵੀ ਪਾਰਟੀ ਵਿਚ ਜ਼ਿੰਦਾ ਹੈ, ਜਿਸ ਨੇ ਇਸ ਨੂੰ ਲਾਗੂ ਕੀਤਾ ਸੀ। ਉਹ ਆਪਣੇ ਪ੍ਰਤੀਕਵਾਦ ਜ਼ਰੀਏ ਸੰਵਿਧਾਨ ਪ੍ਰਤੀ ਆਪਣੀ ਨਫ਼ਰਤ ਨੂੰ ਲੁਕਾਉਂਦੇ ਹਨ ਪਰ ਭਾਰਤ ਦੇ ਲੋਕਾਂ ਨੇ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਵੇਖਿਆ ਹੈ ਅਤੇ ਇਸ ਲਈ ਉਨ੍ਹਾਂ ਨੇ ਉਨ੍ਹਾਂ ਨੂੰ ਵਾਰ-ਵਾਰ ਖਾਰਜ ਕਰ ਦਿੱਤਾ ਹੈ।ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਦਾ ਦਿਨ ਸਾਰੇ ਮਹਾਨ ਪੁਰਸ਼ਾਂ ਅਤੇ ਔਰਤਾਂ ਨੂੰ ਸ਼ਰਧਾਂਜਲੀ ਦੇਣ ਦਾ ਹੈ, ਜਿਨ੍ਹਾਂ ਨੇ ਐਮਰਜੈਂਸੀ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਐਮਰਜੈਂਸੀ ਲਾਉਣ ਵਾਲਿਆਂ ਨੂੰ ਸਾਡੇ ਸੰਵਿਧਾਨ ਪ੍ਰਤੀ ਆਪਣਾ ਪਿਆਰ ਜ਼ਾਹਰ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਹ ਉਹ ਹੀ ਲੋਕ ਹਨ ਜਿਨ੍ਹਾਂ ਨੇ ਅਣਗਿਣਤ ਮੌਕਿਆਂ 'ਤੇ ਧਾਰਾ 356 ਲਗਾਈ, ਪ੍ਰੈਸ ਦੀ ਆਜ਼ਾਦੀ ਨੂੰ ਖਤਮ ਕਰਨ ਲਈ ਬਿੱਲ ਲਿਆਂਦਾ, ਸੰਘਵਾਦ ਨੂੰ ਤਬਾਹ ਕੀਤਾ ਅਤੇ ਹਰ ਪਹਿਲੂ ਦੀ ਉਲੰਘਣਾ ਕੀਤੀ। ਐਮਰਜੈਂਸੀ ਦੇ ਕਾਲੇ ਦਿਨ ਸਾਨੂੰ ਯਾਦ ਦਿਵਾਉਂਦੇ ਹਨ ਕਿ ਕਿਵੇਂ ਕਾਂਗਰਸ ਪਾਰਟੀ ਨੇ ਆਜ਼ਾਦੀ ਨੂੰ ਨਸ਼ਟ ਕੀਤਾ ਅਤੇ ਭਾਰਤ ਦੇ ਉਸ ਸੰਵਿਧਾਨ ਨੂੰ ਕੁਚਲਿਆ, ਜਿਸ ਦਾ ਹਰ ਭਾਰਤੀ ਬਹੁਤ ਸਨਮਾਨ ਕਰਦਾ ਹੈ।

## ਨੀਟ ਪੇਪਰ ਲੀਕ ਮਾਮਲੇ 'ਚ ਟੈਰਰ ਫੰਡਿੰਗ ਦਾ ਸ਼ੱਕ, 2 ਅਧਿਆਪਕਾਂ ਸਮੇਤ 4 'ਤੇ FIR




CBI ਨੇ NEET UG ਪੇਪਰ ਲੀਕ ਮਾਮਲੇ 'ਚ ਗੁਜਰਾਤ ਅਤੇ ਬਿਹਾਰ ਤੋਂ ਇਕ-ਇਕ ਅਤੇ ਰਾਜਸਥਾਨ ਤੋਂ 3 FIR ਦਰਜ ਕੀਤੀਆਂ ਹਨ। ਇਸ ਜਾਂਚ ਵਿਚ ਹੁਣ ਤੱਕ 25 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਭ ਤੋਂ ਜ਼ਿਆਦਾ 13 ਲੋਕ ਬਿਹਾਰ ਤੋਂ ਗ੍ਰਿਫ਼ਤਾਰ ਕੀਤੇ ਗਏ ਹਨ। ਉੱਥੇ ਹੀ ਝਾਰਖੰਡ ਤੋਂ 5, ਗੁਜਰਾਤ ਤੋਂ 5 ਅਤੇ ਮਹਾਰਾਸ਼ਟਰ ਤੋਂ 2 ਲੋਕਾਂ ਦੀ ਗ੍ਰਿਫ਼ਤਾਰੀ ਹੋਈ ਹੈ। ਮਹਾਰਾਸ਼ਟਰ 'ਚ ਨਾਂਦੇੜ ਦੀ ਐਂਟੀ ਟੈਰਰਿਸਟ ਸਕੂਆਡ (ATS) ਨੇ ਨੀਟ ਪੇਪਰ ਲੀਕ ਮਾਮਲੇ ’ਚ ਟੈਰਰ ਫੰਡਿੰਗ ਦਾ ਸ਼ੱਕ ਜਤਾਉਂਦੇ ਹੋਏ 4 ਲੋਕਾਂ ਵਿਰੁੱਧ FIR ਦਰਜ ਕੀਤੀ ਹੈ। ਇਨ੍ਹਾਂ ’ਚੋਂ ਇਕ ਵਿਅਕਤੀ ਨੂੰ ਐਤਵਾਰ ਰਾਤ ਲਾਤੂਰ ਤੋਂ ਹਿਰਾਸਤ ’ਚ ਲਿਆ ਗਿਆ। ਇਸ ਤੋਂ ਪਹਿਲਾਂ ATS ਨੇ ਲਾਤੂਰ ’ਚ 2 ਅਧਿਆਪਕਾਂ, ਸੰਜੇ ਤੁਕਾਰਾਮ ਜਾਧਵ ਅਤੇ ਜਲੀਲ ਉਮਰ ਖਾਨ ਪਠਾਨ ਤੋਂ ਲੰਬੀ ਪੁੱਛਗਿੱਛ ਕੀਤੀ ਸੀ। ਦੋਵਾਂ ਨੂੰ ਛੱਡ ਦਿੱਤਾ ਗਿਆ ਪਰ ਜਲੀਲ ਨੂੰ ਦੇਰ ਰਾਤ ਫਿਰ ਹਿਰਾਸਤ ’ਚ ਲੈ ਲਿਆ ਗਿਆ।

ਸੋਮਵਾਰ ਨੂੰ ਸੁਪਰੀਮ ਕੋਰਟ ’ਚ ਨੀਟ ਯੂ. ਜੀ. ਮਾਮਲੇ ਦੀ ਜਾਂਚ ਈ. ਡੀ. ਨੂੰ ਸੌਂਪਣ ਦੀ ਮੰਗ ’ਤੇ ਸੁਣਵਾਈ ਹੋਈ। ਜਸਟਿਸ ਏ. ਐੱਸ. ਓਕਾ ਅਤੇ ਜਸਟਿਸ ਰਾਜੇਸ਼ ਬਿੰਦਲ ਦੀ ਛੁੱਟੀਆਂ ਵਾਲੀ ਬੈਂਚ ਨੇ ਕਿਹਾ ਕਿ ਅਗਲੀ ਸੁਣਵਾਈ 8 ਜੁਲਾਈ ਨੂੰ ਹੋਵੇਗੀ। ਪਟੀਸ਼ਨਰ ਸ਼ਿਵਾਨੀ ਮਿਸ਼ਰਾ ਸਮੇਤ 10 ਸ਼ਿਕਾਇਤਕਰਤਾਵਾਂ ਨੇ ਅਪੀਲ ਕੀਤੀ ਸੀ ਕਿ ਈ. ਡੀ. ਨੂੰ ਜਾਂਚ ਸੌਂਪੀ ਜਾਵੇ ਅਤੇ ਦੋਸ਼ੀਆਂ ’ਤੇ ਮਨੀ ਲਾਂਡਰਿੰਗ ਐਕਟ ਦੇ ਤਹਿਤ ਕਾਰਵਾਈ ਕੀਤੀ ਜਾਵੇ। ਮਾਮਲੇ ਦੀ ਜਾਂਚ ਕੇਂਦਰ ਸਰਕਾਰ ਨੇ ਸੀ. ਬੀ. ਆਈ. ਨੂੰ ਸੌਂਪੀ ਹੈ।

ਓਧਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਪੇਪਰ ਲੀਕ ਵਿਵਾਦ ਨੂੰ ਵੇਖਦੇ ਹੋਏ ਰਾਸ਼ਟਰੀ ਯੋਗਤਾ ਸਹਿ ਪ੍ਰਵੇਸ਼ ਪ੍ਰੀਖਿਆ ਨੀਟ ਨੂੰ ਖਤਮ ਕਰਨ ਅਤੇ ਸੂਬਿਆਂ ਵਲੋਂ ਪ੍ਰੀਖਿਆ ਆਯੋਜਿਤ ਕਰਨ ਦੀ ਪੁਰਾਣੀ ਪ੍ਰਣਾਲੀ ਬਹਾਲ ਕਰਨ 'ਤੇ ਵਿਚਾਰ ਕੀਤਾ ਜਾਵੇ। ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਵਿਚ ਬੈਨਰਜੀ ਨੇ ਨੀਟ-ਯੂ. ਜੀ. ਪ੍ਰੀਖਿਆ 'ਚ ਬੇਨਿਯਮੀਆਂ 'ਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਦੀ ਵੀ ਮੰਗ ਕੀਤੀ।

ਐੱਨ. ਟੀ. ਏ. ਸੁਧਾਰ ਕਮੇਟੀ ਦੀ ਪਹਿਲੀ ਬੈਠਕ

ਸੋਮਵਾਰ ਨੂੰ ਐੱਨ. ਟੀ. ਏ. ’ਚ ਸੁਧਾਰ ਲਈ ਬਣੀ ਹਾਈ ਲੈਵਲ ਕਮੇਟੀ ਦੀ ਪਹਿਲੀ ਬੈਠਕ ਆਯੋਜਿਤ ਹੋਈ। ਇਸ ਕਮੇਟੀ ’ਚ 7 ਮੈਂਬਰ ਸ਼ਾਮਲ ਹਨ ਅਤੇ ਇਸਰੋ ਦੇ ਸਾਬਕਾ ਚੀਫ ਕੇ. ਰਾਧਾਕ੍ਰਿਸ਼ਨਨ ਇਸ ਦੇ ਮੁਖੀ ਹਨ। ਬੈਠਕ ਦਾ ਮੁੱਖ ਮਕਸਦ ਐੱਨ. ਟੀ. ਏ. ਦੀਆਂ ਪ੍ਰਕਿਰਿਆਵਾਂ ’ਚ ਸੁਧਾਰ ਅਤੇ ਪਾਰਦਰਸ਼ਤਾ ਲਿਆਉਣਾ ਹੈ।


## ਅਟਲ ਬ੍ਰਿਜ ਦੀ ਸੜਕ 'ਤੇ ਤਰੇੜਾਂ, ਮਹਾਰਾਸ਼ਟਰ 'ਚ ਗਰਮਾਈ ਰਾਜਨੀਤੀ





ਮਹਾਰਾਸ਼ਟਰ 'ਚ ਮੁੰਬਈ ਦੇ ਅਟਲ ਬ੍ਰਿਜ ਨੂੰ ਲੈ ਕੇ ਰਾਜਨੀਤੀ ਗਰਮਾ ਗਈ ਹੈ। ਅਟਲ ਬ੍ਰਿਜ ਨੂੰ ਜੋੜਨ ਵਾਲੀਆਂ ਸੜਕਾਂ 'ਤੇ ਤਰੇੜਾਂ ਆਉਣ 'ਤੇ ਮਹਾਰਾਸ਼ਟਰ ਕਾਂਗਰਸ ਨੇ ਇਸ ਨੂੰ ਮੁੱਦਾ ਬਣਾਉਂਦੇ ਹੋਏ ਬਿਹਾਰ 'ਚ ਪੁਲ ਡਿੱਗਣ ਦੀ ਘਟਨਾ ਨਾਲ ਜੋੜਦੇ ਹੋਏ ਨਿਸ਼ਾਨਾ ਵਿੰਨ੍ਹਿਆ ਹੈ। ਮਹਾਰਾਸ਼ਟਰ ਕਾਂਗਰਸ ਦੇ ਪ੍ਰਧਾਨ ਨਾਨਾ ਪਟੋਲੇ ਨੇ ਅਟਲ ਬ੍ਰਿਜ ਦਾ ਦੌਰਾ ਕੀਤਾ ਹੈ। ਪਟੋਲੇ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ ਕਿ ਇਹ ਬੇਹੱਦ ਚਿੰਤਾਜਨਕ ਹੈ ਕਿ ਜਿਸ ਅਟਲ ਬ੍ਰਿਜ ਦਾ ਉਦਘਾਟਨ ਸਿਰਫ਼ ਤਿੰਨ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਸੀ, ਉਸ 'ਚ ਤਰੇੜ ਆ ਗਈ ਹੈ।ਵੱਡੀ ਗਿਣਤੀ 'ਚ ਤਰੇੜਾਂ ਆਉਣ ਨਾਲ ਰਾਹਗੀਰਾਂ 'ਚ ਦਹਿਸ਼ਤ ਦਾ ਮਾਹੌਲ ਹੈ। ਬਿਹਾਰ 'ਚ ਨਵੇਂ ਬਣੇ ਪੁਲ ਦੇ ਡਿੱਗਣ ਦੀ ਘਟਨਾ ਤਾਂ ਤਾਜ਼ਾ ਹੈ ਪਰ ਮੁੰਬਈ 'ਚ ਵੀ ਇਹ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹਮਣੇ ਆਉਣ ਨਾਲ ਸਰਕਾਰ ਦੇ ਕੰਮਕਾਜ 'ਤੇ ਕਈ ਸਵਾਲ ਉਠ ਰਹੇ ਹਨ। ਪਟੋਲੇ ਨੇ ਕਿਹਾ ਕਿ ਹਾਈ ਕੋਰਟ ਇਸ ਮਾਮਲੇ 'ਚ ਨੋਟਿਸ ਲਵੇ ਅਤੇ ਜਾਂਚ ਕਰਾਏ। ਮਹਾਰਾਸ਼ਟਰ ਕਾਂਗਰਸ ਪ੍ਰਧਾਨ ਨਾਨਾ ਪਟੋਲੇ ਦੇ ਦੋਸ਼ਾਂ 'ਤੇ ਐੱਮ. ਐੱਮ. ਆਰ. ਡੀ. ਏ. ਨੇ ਪ੍ਰਤੀਕਿਰਿਆ ਦਿੱਤੀ ਹੈ। ਐੱਮ. ਐੱਮ. ਆਰ. ਡੀ. ਏ. ਨੇ ਕਿਹਾ ਹੈ ਕਿ ਮੁੰਬਈ ਟਰਾਂਸ ਹਾਰਬਰ ਲਿੰਕ (ਐੱਮ. ਟੀ. ਐੱਚ. ਐੱਲ.) ਪੁਲ 'ਤੇ ਤਰੇੜਾਂ ਬਾਰੇ ਅਫਵਾਹਾਂ ਫੈਲ ਰਹੀਆਂ ਹਨ। ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਇਹ ਤਰੇੜਾਂ ਪੁਲ 'ਤੇ ਨਹੀਂ ਸਗੋਂ ਐੱਮ. ਟੀ. ਐੱਚ. ਐੱਲ. ਨੂੰ ਉਲਵੇ ਤੋਂ ਮੁੰਬਈ ਵੱਲ ਜੋੜਨ ਵਾਲੀ ਐਪ੍ਰੋਚ ਰੋਡ 'ਤੇ ਹਨ। ਬਿਆਨ 'ਚ ਕਿਹਾ ਗਿਆ ਹੈ ਕਿ 20 ਜੂਨ, 2024 ਨੂੰ ਸੰਚਾਲਨ ਅਤੇ ਸਾਂਭ-ਸੰਭਾਲ ਟੀਮ ਵੱਲੋਂ ਕੀਤੀ ਗਈ ਜਾਂਚ ਦੌਰਾਨ ਰੈਂਪ 5 (ਮੁੰਬਈ ਵੱਲ ਰੈਂਪ) 'ਤੇ ਤਿੰਨ ਥਾਵਾਂ ’ਤੇ ਕਿਨਾਰਿਆਂ ਕੋਲ ਸੜਕ ਦੀ ਸਤ੍ਹਾ 'ਤੇ ਛੋਟੀਆਂ ਤਰੇੜਾਂ ਪਾਈਆਂ ਗਈਆਂ। ਇਹ ਤਰੇੜਾਂ ਛੋਟੀਆਂ ਹਨ ਅਤੇ ਸੜਕ ਦੇ ਕੰਡੇ ਸਥਿਤ ਹਨ। ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜੋ 24 ਘੰਟਿਆਂ ਦੇ ਅੰਦਰ ਪੂਰਾ ਹੋ ਜਾਵੇਗਾ। ਇਹ ਕੰਮ ਆਵਾਜਾਈ 'ਚ ਕੋਈ ਵਿਘਨ ਪੈਦਾ ਕੀਤੇ ਬਿਨਾਂ ਕੀਤਾ ਜਾ ਰਿਹਾ ਹੈ। ਅਟਲ ਬ੍ਰਿਜ ਭਾਰਤ ਦਾ ਸਭ ਤੋਂ ਵੱਡਾ ਬ੍ਰਿਜ ਹੈ।

## ਮਹਾਰਾਸ਼ਟਰ ਕਾਂਗਰਸ 'ਚ ਅੰਦਰੂਨੀ ਕਲੇਸ਼ ਆਇਆ ਸਾਹਮਣੇ, 16 ਕਾਂਗਰਸੀ ਨੇਤਾਵਾਂ ਨੇ ਖੜਗੇ ਨੂੰ ਲਿਖਿਆ ਪੱਤਰ



ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਬਿਹਤਰ ਪ੍ਰਦਰਸ਼ਨ ਕਰਨ ਵਾਲੀ ਮਹਾਰਾਸ਼ਟਰ ਕਾਂਗਰਸ 'ਚ ਅੰਦਰੂਨੀ ਕਲੇਸ਼ ਸਾਹਮਣੇ ਆਇਆ ਹੈ । 16 ਕਾਂਗਰਸੀ ਨੇਤਾਵਾਂ ਨੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਪੱਤਰ ਲਿਖ ਕੇ ਮੁਲਾਕਾਤ ਦਾ ਸਮਾਂ ਮੰਗਿਆ ਹੈ। 16 ਜੂਨ ਨੂੰ ਲਿਖੇ ਗਏ ਇਸ ਪੱਤਰ 'ਚ ਸਿਰਫ਼ ਮੁੰਬਈ 'ਚ ਸੰਗਠਨਾਤਮਕ ਢਾਂਚੇ 'ਤੇ ਧਿਆਨ ਕੇਂਦਰਿਤ ਕਰਨ ਅਤੇ ਪਾਰਟੀ ਵਰਕਰਾਂ ਵਿਚਾਲੇ ਤਾਲਮੇਲ ਵਧਾਉਣ ਦੀ ਗੱਲ ਕਹੀ ਗਈ ਹੈ। ਇਸ ਦੇ ਨਾਲ ਹੀ ਰਣਨੀਤੀਕ ਸੁਝਾਵਾਂ ਅਤੇ ਪ੍ਰਸਤਾਵਾਂ 'ਤੇ ਚਰਚਾ ਕਰਨ ਦੀ ਵੀ ਗੱਲ ਕਹੀ ਗਈ ਹੈ।

ਕਾਂਗਰਸ ਸੂਤਰਾਂ ਦੇ ਹਵਾਲੇ ਨਾਲ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਸੀਨੀਅਰ ਨੇਤਾਵਾਂ ਦਾ ਇਕ ਧੜਾ ਚਾਹੁੰਦਾ ਹੈ ਕਿ ਪਾਰਟੀ ਲੀਡਰਸ਼ਿਪ ਵਰਸ਼ਾ ਗਾਇਕਵਾੜ ਨੂੰ ਮੁੰਬਈ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਜਾਵੇ। ਇਸ ਪੱਤਰ 'ਤੇ ਸੀਨੀਅਰ ਨੇਤਾ ਚੰਦਰਕਾਂਤ ਹੰਦੋਰੇ (ਕਾਂਗਰਸ ਵਰਕਿੰਗ ਮੈਂਬਰ), ਮਹਾਰਾਸ਼ਟਰ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਆਰਿਫ ਨਸੀਮ ਖਾਨ ਅਤੇ ਖਜ਼ਾਨਚੀ ਡਾ. ਅਮਰਜੀਤ ਮਿਨਹਾਸ ਨੇ ਦਸਤਖਤ ਕੀਤੇ ਹਨ। ਹੋਰ ਦਸਤਖਤ ਕਰਨ ਵਾਲਿਆਂ 'ਚ ਮੁੰਬਈ ਕਾਂਗਰਸ ਦੇ ਸਾਬਕਾ ਪ੍ਰਧਾਨ ਜੇ. ਸੀ. ਚੰਦੂਰਕਰ ਸ਼ਾਮਲ ਹਨ।ਰਿਪੋਰਟ ਮੁਤਾਬਕ ਪੱਤਰ ਲਿਖਣ ਵਾਲੇ ਇਕ ਸੀਨੀਅਰ ਨੇਤਾ ਨੇ ਨਾਂ ਉਜਾਗਰ ਨਾ ਕਰਨ ਦੀ ਸ਼ਰਤ 'ਤੇ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਗਾਇਕਵਾੜ ਨੂੰ ਹਟਾਇਆ ਜਾਵੇ, ਤਾਂ ਕਿ ਕਾਂਗਰਸ ਆਪਣੀ ਹਾਲੀਆ ਸਫਲਤਾ ਨੂੰ ਅੱਗੇ ਵਧਾ ਸਕੇ। ਉਹ ਸੰਗਠਨ ਨੂੰ ਮਜ਼ਬੂਤ ਨਹੀਂ ਬਣਾ ਸਕੀ ਹੈ। ਰਿਪੋਰਟ ਮੁਤਾਬਕ ਕੁਝ ਲੋਕਾਂ ਨੇ ਕਾਂਗਰਸ ਦੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਣ ਲਈ ਕੁਝ ਸੁਝਾਅ ਦਿੱਤੇ ਸਨ ਪਰ ਉਨ੍ਹਾਂ ਦੇ ਸੁਝਾਵਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। ਉਹ ਕੋਈ ਗੱਲਬਾਤ ਨਹੀਂ ਕਰਦੀ। ਉਹ ਉਹੀ ਕਰਦੀ ਹੈ ਜੋ ਉਹ ਚਾਹੁੰਦੀ ਹੈ। ਇਸ ਦੇ ਨਤੀਜੇ ਵਜੋਂ, ਪਾਰਟੀ ਦੇ ਅੰਦਰ ਮੱਤਭੇਦ ਹਨ। ਜੇ ਅਜਿਹਾ ਹੀ ਚੱਲਦਾ ਰਿਹਾ ਤਾਂ ਅਸੀਂ ਆਉਂਦੀਆਂ ਵਿਧਾਨ ਸਭਾ ਚੋਣਾਂ ਨੂੰ ਤਾਂ ਭੁੱਲ ਹੀ ਜਾਈਏ, ਮੁੰਬਈ ਮਹਾਨਗਰ ਪਾਲਿਕਾ ਚੋਣਾਂ ਵੀ ਨਹੀਂ ਜਿੱਤ ਸਕਾਂਗੇ।

## ਭਾਖੜਾ ਨਹਿਰ 'ਚ ਪਿਆ ਪਾੜ, ਇਹ ਪਿੰਡ ਡੁੱਬਣ ਦੇ ਕੰਢੇ, ਸੈਂਕੜੇ ਏਕੜ ਫ਼ਸਲ ਤਬਾਹ




ਭਾਖੜਾ ਨਹਿਰ ਵਿਚ ਪਾੜ ਪੈਣ ਦੀ ਵੱਡੀ ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਬਠਿੰਡਾ ਦੇ ਸਬ ਡਿਵੀਜ਼ਨ ਤਲਵੰਡੀ ਸਾਬੋ ਦੇ ਪਿੰਡ ਨਥੇੜਾ ਕੋਲ ਭਾਖੜਾ ਵਿਚ ਪਾੜ ਪੈਣ ਕਾਰਨ ਖੇਤਾਂ ਵਿਚ ਪਾਣੀ ਆ ਗਿਆ ਹੈ, ਜਿਸ ਨਾਲ ਕਿਸਾਨਾਂ ਦੀ ਕਰੀਬ 100 ਏਕੜ ਫ਼ਸਲ ਪਾਣੀ ਵਿਚ ਡੁੱਬ ਗਈ ਹੈ। ਸੈਂਕੜੇ ਏਕੜ ਖੇਤ ਪਾਣੀ ਵਿਚ ਡੁੱਬ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਭਾਖੜਾ ਨਹਿਰ ਵਿਚ ਕਰੀਬ 20 ਫੁੱਟ ਪਾੜ ਪਿਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਪਾੜ ਭਾਖੜਾ ਨਦੀ ਦੇ ਹੇਠਾਂ ਤੋਂ ਲੀਕੇਜ ਹੋਣ ਕਾਰਨ ਪਿਆ ਹੈ। ਜਿਸ ਕਰਕੇ ਪਿੰਡ ਨਥੇੜਾ ਅਤੇ ਜੋੜਕੀਆ ਦੇ ਕਿਸਾਨਾਂ ਦੀ ਕਰੀਬ 100 ਏਕੜ ਫਸਲ ਪਾਣੀ ਵਿਚ ਡੁੱਬਣ ਕਾਰਨ ਬਰਬਾਦ ਹੋ ਗਈ ਹੈ। ਇਹ ਦੋਵੇਂ ਪਿੰਡ ਪੰਜਾਬ-ਹਰਿਆਣਾ ਦੀ ਸਰਹੱਦ 'ਤੇ ਪੈਂਦੇ ਹਨ। ਨਹਿਰੀ ਵਿਭਾਗ ਅਤੇ ਕਿਸਾਨਾਂ ਵੱਲੋਂ ਭਾਖੜਾ ਨਹਿਰ ਵਿਚ ਵੱਡੇ ਕਟਾਅ ਨੂੰ ਫਿਲਹਾਲ ਬੰਦ ਕਰਕੇ ਖੇਤਾਂ ਵਿਚ ਜਾ ਰਹੇ ਪਾਣੀ ਨੂੰ ਰੋਕਿਆ ਗਿਆ। ਕਿਸਾਨਾਂ ਨੇ ਬਰਬਾਦ ਹੋਈ ਮੁਆਵਜ਼ੇ ਦੀ ਸਰਕਾਰ ਕੋਲੋਂ ਮੰਗ ਕੀਤੀ ਹੈ। ਉਥੇ ਹੀ ਬੇਸ਼ੱਕ ਨਹਿਰੀ ਵਿਭਾਗ ਵੱਲੋਂ ਪਿੱਛਿਓਂ ਪਾਣੀ ਬੰਦ ਕੀਤਾ ਗਿਆ ਹੈ ਪਰ ਹਾਲੇ ਵਿਚ ਤੇਜ਼ ਰਫ਼ਤਾਰ ਦੇ ਨਾਲ ਪਾਣੀ ਪਿੰਡਾਂ ਵੱਲ ਵੱਧ ਰਿਹਾ ਹੈ।

## ਹੁਸ਼ਿਆਰਪੁਰ ਤੋਂ ਸਾਬਕਾ ਸੰਸਦ ਮੈਂਬਰ ਕਮਲ ਚੌਧਰੀ ਦਾ ਹੋਇਆ ਦਿਹਾਂਤ, ਲੰਬੇ ਸਮੇਂ ਤੋਂ ਚੱਲ ਰਹੇ ਸੀ ਬੀਮਾਰ

ਹੁਸ਼ਿਆਰਪੁਰ 'ਚ ਜਨਮੇ ਉੱਘੇ ਸਮਾਜ ਸੇਵੀ ਕਮਲ ਚੌਧਰੀ ਦਾ ਦਿਹਾਂਤ ਹੋ ਗਿਆ। ਉਹ ਲੰਬੇ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਦੇਰ ਰਾਤ ਉਨ੍ਹਾਂ ਨੇ ਦਿੱਲੀ ਦੇ ਹਸਪਤਾਲ 'ਚ ਆਖਰੀ ਸਾਹ ਲਏ। ਉਨ੍ਹਾਂ ਦੇ ਦਿਹਾਂਤ 'ਤੇ ਵੱਖ ਵੱਖ ਰਾਜਸੀ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦਾ ਦਿੱਲੀ ਵਿਖੇ ਹੀ ਅੰਤਿਮ ਸੰਸਕਾਰ ਕੀਤਾ ਜਾਵੇਗਾ।

ਕਮਲ ਚੌਧਰੀ ਲੋਕ ਸਭਾ ਵਿੱਚ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੀ ਨੁਮਾਇੰਦਗੀ ਕਰਨ ਵਾਲੇ ਚਾਰ ਵਾਰ ਸੰਸਦ ਮੈਂਬਰ ਰਹੇ। ਉਹ ਰੱਖਿਆ ਬਾਰੇ ਸਥਾਈ ਕਮੇਟੀ ਦੇ ਚੇਅਰਮੈਨ ਅਤੇ ਪਬਲਿਕ ਅੰਡਰਟੇਕਿੰਗਜ਼ ਬਾਰੇ ਕਮੇਟੀ ਦੇ ਚੇਅਰਮੈਨ ਵੀ ਸਨ। ਇਨ੍ਹਾਂ ਹੀ ਨਹੀਂ ਕਮਲ ਚੌਧਰੀ ਇੱਕ ਭਾਰਤੀ ਸਿਆਸਤਦਾਨ ਅਤੇ ਭਾਰਤੀ ਹਵਾਈ ਸੈਨਾ ਦੇ ਸਾਬਕਾ ਲੜਾਕੂ ਪਾਇਲਟ ਵੀ ਰਹਿ ਚੁੱਕੇ ਹਨ।





## ਨੂੰਹ ਨਾਲ ਸਬੰਧਾਂ ਦੇ ਸ਼ੱਕ 'ਚ ਮਾਮਾ ਬਣਿਆ ਹੈਵਾਨ, ਭਾਣਜੇ ਨੂੰ ਦਿੱਤੀ ਰੂਹ ਕੰਬਾਊ ਮੌਤ

ਕਲਯੁਗੀ ਮਾਮੇ ਵਲੋਂ ਭਾਣਜੇ ਨੂੰ ਮੌਤ ਦੇ ਘਾਟ ਉਤਾਰਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮਾਂ ਨੇ ਅੰਬਾਲਾ-ਚੰਡੀਗੜ੍ਹ ਹਾਈਵੇ ’ਤੇ ਸਥਿਤ ਸਰਸੀਨੀ ਨੇੜੇ ਢਾਬੇ ਕੋਲ ਵਾਰਦਾਤ ਨੂੰ ਅੰਜਾਮ ਦਿੱਤਾ ਜਿਸ ’ਚ ਮ੍ਰਿਤਕ ਦੇ ਦੋਸਤ ਵੀ ਸ਼ਾਮਲ ਹਨ। ਸੂਤਰਾਂ ਅਨੁਸਾਰ ਨਾਜਾਇਜ਼ ਸਬੰਧਾਂ ਕਾਰਨ 22 ਸਾਲਾ ਨੌਜਵਾਨ ਦਾ ਇੱਟਾਂ ਮਾਰ ਕੇ ਕਤਲ ਕੀਤਾ ਗਿਆ ਹੈ। ਉਸ ਦੀ ਪਛਾਣ ਬਿੱਟੂ ਪੁੱਤਰ ਰਣਧੀਰ ਸਿੰਘ ਵਾਸੀ ਮਸੂਦਪੁਰ, ਹਾਂਸੀ (ਹਿਸਾਰ) ਵਜੋਂ ਹੋਈ ਹੈ। ਮਾਮੇ ਨੂੰ ਸ਼ੱਕ ਸੀ ਕਿ ਭਾਣਜੇ ਦੇ ਉਸ ਦੀ ਨੂੰਹ ਨਾਲ ਨਾਜਾਇਜ਼ ਸਬੰਧ ਹਨ। ਇਸ ਲਈ ਮੁਲਜ਼ਮ ਉਸ ਨੂੰ ਚੰਡੀਗੜ੍ਹ ਦੀ ਸੈਰ ਕਰਨ ਦੇ ਬਹਾਨੇ ਕਾਰ ’ਚ ਬਿਠਾ ਲਿਆ ਅਤੇ ਰਸਤੇ ’ਚ ਹੀ ਮਾਰ ਦਿੱਤਾ। ਇੰਨਾ ਹੀ ਨਹੀਂ, ਮੁਲਜ਼ਮ ਕਤਲ ਕਰਨ ਤੋਂ ਬਾਅਦ ਲਾਸ਼ ਅੰਬਾਲਾ ਦੇ ਸਿਵਲ ਹਸਪਤਾਲ ਦੀ ਮੋਰਚਰੀ ’ਚ ਰਖਵਾ ਕੇ ਫ਼ਰਾਰ ਹੋ ਗਏ। ਹਰਕਤ ’ਚ ਆਈ ਪੁਲਸ ਨੇ ਚਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਅਨੁਸਾਰ 2 ਜੂਨ ਨੂੰ ਬਿੱਟੂ ਹਿਸਾਰ ਤੋਂ ਦੋਸਤ ਸੁਨੀਲ ਉਰਫ਼ ਸੋਨੂੰ, ਨਵੀਨ ਉਰਫ਼ ਛਬਾਲੀ ਤੇ ਨਵੀਨ ਉਰਫ਼ ਮਨੀਆ ਨਾਲ ਮਾਮੇ ਸੁਭਾਸ਼ ਕੋਲ ਆਇਆ ਸੀ। ਅਗਲੇ ਦਿਨ ਸੁਭਾਸ਼ ਉਸ ਨੂੰ ਦੋਸਤਾਂ ਨਾਲ ਚੰਡੀਗੜ੍ਹ ਘੁੰਮਾਉਣ ਬਹਾਨੇ ਲੈ ਗਿਆ। ਅੰਬਾਲਾ-ਚੰਡੀਗੜ੍ਹ ਹਾਈਵੇ ’ਤੇ ਸਥਿਤ ਸਰਸੀਨੀ ਨੇੜੇ ਚੰਡੀਗੜ੍ਹ ਢਾਬੇ ’ਤੇ ਸਾਰੇ ਜਣੇ ਬੈਠ ਗਏ। ਇਸ ਦੌਰਾਨ ਕਿਸੇ ਗੱਲ ਨੂੰ ਲੈ ਕੇ ਬਿੱਟੂ ਨਾਲ ਸੁਭਾਸ਼ ਦੀ ਬਹਿਸ ਹੋ ਗਈ, ਜੋ ਦੇਖਦੇ ਹੀ ਦੇਖਦੇ ਝਗੜੇ ’ਚ ਬਦਲ ਗਈ। ਤੈਸ਼ ’ਚ ਆਏ ਮਾਮੇ ਨੇ ਉਸ ਦੇ ਦੋਸਤਾਂ ਨਾਲ ਮਿਲ ਕੇ ਬਿੱਟੂ ’ਤੇ ਇੱਟਾਂ ਨਾਲ ਹਮਲਾ ਕਰ ਦਿੱਤਾ। ਮੁਲਜ਼ਮ ਉੱਦੋਂ ਤੱਕ ਨੌਜਵਾਨ ਨੂੰ ਮਾਰਦੇ ਗਏ ਜਦੋਂ ਤੱਕ ਉਸ ਦੀ ਮੌਤ ਨਹੀਂ ਹੋ ਗਈ। ਬਿੱਟੂ ਦੀ ਮੌਤ ਹੋਣ ਤੋਂ ਬਾਅਦ ਚਾਰੋਂ ਮੁਲਜ਼ਮ ਉਸ ਨੂੰ ਚੁੱਕ ਕੇ ਅੰਬਾਲਾ ਦੇ ਸਿਵਲ ਹਸਪਤਾਲ ਦੀ ਮੋਰਚਰੀ ਲੈ ਗਏ ਅਤੇ ਫ਼ਰਾਰ ਹੋ ਗਏ।ਦੂਜੇ ਪਾਸੇ ਵਾਰਦਾਤ ਦਾ ਪਤਾ ਲੱਗਦਿਆਂ ਹੀ ਮ੍ਰਿਤਕ ਦੇ ਪਿਤਾ ਰਣਧੀਰ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ। ਇਸ ਤੋਂ ਬਾਅਦ ਪੁਲਸ ਨੇ ਕਾਰਵਾਈ ਕਰਦੇ ਹੋਏ ਕੁੱਝ ਘੰਟਿਆਂ ’ਚ ਮੁਲਜ਼ਮਾਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਲਾਲੜੂ ਤੋਂ ਗ੍ਰਿਫ਼ਤਾਰ ਕਰ ਲਿਆ। ਐੱਸ.ਐੱਚ.ਓ. ਗੁਰਜੀਤ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ’ਚ ਮੁਲਜ਼ਮਾਂ ਤੋਂ ਬਿੱਟੂ ਨੂੰ ਮੌਤ ਦੇ ਘਾਟ ਉਤਾਰਨ ਦਾ ਕਾਰਨ ਪਤਾ ਨਹੀਂ ਚਲਿਆ ਹੈ। ਇਸ ਲਈ ਮੁਲਜ਼ਮਾਂ ਨੂੰ ਮੰਗਲਵਾਰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ ਹਾਸਲ ਕੀਤਾ ਜਾਵੇਗਾ।ਬਿੱਟੂ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਤੇ ਬੀ. ਏ. ਦੀ ਪੜ੍ਹਾਈ ਕਰ ਰਿਹਾ ਸੀ। ਉਸ ਨੇ ਫੌਜ ’ਚ ਭਰਤੀ ਹੋਣਾ ਸੀ। ਪਰਿਵਾਰ ਵਿਚ ਉਸ ਤੋਂ ਇਲਾਵਾ 2 ਭੈਣਾਂ ਸਨ। ਪੁਲਸ ਅਨੁਸਾਰ ਮੁਲਜ਼ਮਾਂ ਖ਼ਿਲਾਫ਼ ਕਤਲ ਸਣੇ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਵਾਰਦਾਤ ਤੋਂ ਸਾਫ਼ ਹੈ ਕਿ ਬਿੱਟੂ ਦੇ ਦੋਸਤਾਂ ਨਾਲ ਸਾਜ਼ਿਸ਼ ਰਚ ਕੇ ਮੁਲਜ਼ਮ ਸੁਭਾਸ਼ ਨੇ ਕਤਲ ਨੂੰ ਅੰਜਾਮ ਦਿੱਤਾ ਹੈ। ਸੁਨੀਲ ਉਰਫ਼ ਸੋਨੂੰ, ਨਵੀਨ ਉਰਫ਼ ਛਬੀਲਾ ਤੇ ਨਵੀਨ ਉਰਫ਼ ਮਨੀਆ ਨੇ ਹਮਲੇ ਦਾ ਵਿਰੋਧ ਕਰਨ ਦੀ ਥਾਂ ਆਪਣੇ ਹੀ ਦੋਸਤ ’ਤੇ ਵਾਰ ਕੀਤੇ।

## ਕਪੂਰਥਲਾ 'ਚ ਇਕ ਘਰ 'ਚ ਅਚਾਨਕ ਲੱਗੀ ਅੱਗ, ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਟੀਮ



ਕਪੂਰਥਲਾ ਦੇ ਅੰਮ੍ਰਿਤਸਰ ਰੋਡ 'ਤੇ ਸਥਿਤ ਲਕਸ਼ਮੀ ਨਗਰ 'ਚ ਅੱਜ ਦੇਰ ਸ਼ਾਮ ਇਕ ਘਰ 'ਚ ਅਚਾਨਕ ਅੱਗ ਲੱਗ ਗਈ। ਸੂਚਨਾ ਮਿਲਣ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਬਚਾਅ ਮੁਹਿੰਮ ਚਲਾ ਕੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਗ ਸ਼ਾਰਟ ਸਰਕਟ ਕਾਰਨ ਲੱਗੀ ਹੋਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਖ਼ਬਰ ਲਿਖੇ ਜਾਣ ਤੱਕ ਇਲਾਕੇ ਦੀ ਬਿਜਲੀ ਸਪਲਾਈ ਬੰਦ ਸੀ ਅਤੇ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਵੱਲੋਂ ਬਚਾਅ ਕਾਰਜ ਚਲਾਇਆ ਜਾ ਰਿਹਾ ਹੈ।

ਫਾਇਰ ਬ੍ਰਿਗੇਡ ਦਫ਼ਤਰ ਦੇ ਸੰਚਾਲਕ ਜਸਵਿੰਦਰ ਨੇ ਦੱਸਿਆ ਕਿ ਸ਼ਾਮ 6:23 ਵਜੇ ਉਨ੍ਹਾਂ ਨੂੰ ਲਕਸ਼ਮੀ ਨਗਰ ਇਲਾਕੇ ਦੇ ਰਹਿਣ ਵਾਲੇ ਅਜੇ ਕੁਮਾਰ ਨੇ ਸੂਚਨਾ ਦਿੱਤੀ ਕਿ ਲਕਸ਼ਮੀ ਨਗਰ ਇਲਾਕੇ ਦੇ ਇੱਕ ਘਰ ਵਿੱਚ ਅੱਗ ਲੱਗ ਗਈ ਹੈ। ਜਿਸ ਤੋਂ ਤੁਰੰਤ ਬਾਅਦ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਟੀਮ ਸਮੇਤ ਮੌਕੇ 'ਤੇ ਪਹੁੰਚ ਗਈਆਂ ਅਤੇ ਉਨ੍ਹਾਂ ਨੇ ਬਿਜਲੀ ਵਿਭਾਗ ਨਾਲ ਸੰਪਰਕ ਕਰਕੇ ਇਲਾਕੇ ਦੀ ਬਿਜਲੀ ਸਪਲਾਈ ਬੰਦ ਕਰਵਾ ਕੇ ਬਚਾਅ ਕਾਰਜ ਸ਼ੁਰੂ ਕੀਤਾ। ਫਾਇਰ ਬ੍ਰਿਗੇਡ ਮੁਲਾਜ਼ਮਾਂ ਸੁਰਿੰਦਰ ਕੁਮਾਰ ਅਤੇ ਚੰਦਰ ਮੋਹਨ ਦੀ ਟੀਮ ਵੱਲੋਂ ਅੱਗ ’ਤੇ ਕਾਬੂ ਪਾਉਣ ਦੇ ਯਤਨ ਕੀਤੇ ਜਾ ਰਹੇ ਹਨ।ਦੱਸਿਆ ਜਾ ਰਿਹਾ ਹੈ ਕਿ ਉਕਤ ਮਕਾਨ 'ਚ ਕਿਸੇ ਨੇ ਕਬਾੜ ਦਾ ਗੋਦਾਮ ਬਣਾਇਆ ਹੋਇਆ ਸੀ ਅਤੇ ਉਸ 'ਚ ਸ਼ਾਰਟ ਸਰਕਟ ਹੋਣ ਕਾਰਨ ਅਚਾਨਕ ਅੱਗ ਲੱਗ ਗਈ। ਜਿਸ ਵਿੱਚ ਘਰ ਵਿੱਚ ਪਿਆ ਹਜ਼ਾਰਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ। ਖ਼ਬਰ ਲਿਖੇ ਜਾਣ ਤੱਕ ਫਾਇਰ ਬ੍ਰਿਗੇਡ ਦੀ ਟੀਮ ਵੱਲੋਂ ਬਚਾਅ ਕਾਰਜ ਜਾਰੀ ਸੀ। ਫਿਲਹਾਲ ਇਸ ਘਟਨਾ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਅਤੇ ਅੱਗ ਨੂੰ ਹੋਰ ਫੈਲਣ ਤੋਂ ਰੋਕ ਦਿੱਤਾ ਗਿਆ ਹੈ।

## ਹੁਣ ਨਹੀਂ ਬਖ਼ਸ਼ੇ ਜਾਣਗੇ ਨਸ਼ਾ ਸਮੱਗਲਰ, ਡਰੱਗ ਮਾਫ਼ੀਆ ਖ਼ਿਲਾਫ਼ ਸ਼ੁਰੂ ਹੋਵੇਗੀ ਵੱਡੇ ਪੱਧਰ ’ਤੇ ਕਾਰਵਾਈ



ਡੀ. ਜੀ. ਪੀ. ਪੰਜਾਬ ਗੌਰਵ ਯਾਦਵ ਦੇ ਹੁਕਮਾਂ ’ਤੇ ਸੂਬੇ ਨੂੰ ਪੂਰੀ ਤਰ੍ਹਾਂ ਨਾਲ ਨਸ਼ਿਆਂ ਤੋਂ ਮੁਕਤ ਕਰਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮੁਹਿੰਮ ਤਹਿਤ ਹੁਣ ਜ਼ਿਲ੍ਹੇ ਦੇ ਸਮੂਹ ਸੰਵੇਦਨਸ਼ੀਲ ਪਿੰਡਾਂ ’ਚ ਨਸ਼ਾ ਵਿਰੋਧੀ ਮੁਹਿੰਮ ਚਲਾਈ ਜਾਵੇਗੀ, ਜਿੱਥੇ ਨਸ਼ਾ ਮਾਫ਼ੀਆ ਨੂੰ ਪੂਰੀ ਤਰ੍ਹਾਂ ਨੱਥ ਪਾਈ ਜਾਵੇਗੀ। ਇਨ੍ਹਾਂ ਪਿੰਡਾਂ ਵਿਚੋਂ ਜਿੱਥੇ ਪੁਲਸ ਅਤੇ ਸਿਵਲ ਪ੍ਰਸ਼ਾਸਨ ਦੀਆਂ ਟੀਮਾਂ ਦਿਨ-ਰਾਤ ਹਾਜ਼ਰ ਰਹਿਣਗੀਆਂ, ਉੱਥੇ ਹੀ ਨਸ਼ੇ ਦੇ ਆਦੀ ਨੌਜਵਾਨਾਂ ਦੀ ਪਛਾਣ ਕਰਕੇ ਉਨ੍ਹਾਂ ਦੇ ਇਲਾਜ ਲਈ ਹਰ ਸੰਭਵ ਯਤਨ ਕਰਨਗੀਆਂ ਤਾਂ ਜੋ ਇਨ੍ਹਾਂ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰ ਕੇ ਉਨ੍ਹਾਂ ਦਾ ਭਵਿੱਖ ਸੰਵਾਰਿਆ ਜਾ ਸਕੇ। ਇਹ ਗੱਲਾਂ ਐੱਸ. ਐੱਸ. ਪੀ. ਕਪੂਰਥਲਾ ਵਤਸਲਾ ਗੁਪਤਾ ਨੇ ਕਹੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ. ਜੀ. ਪੀ. ਗੌਰਵ ਯਾਦਵ ਦਾ ਸੁਫ਼ਨਾ ਪੰਜਾਬ ਨੂੰ ਨਸ਼ਾ ਮਾਫ਼ੀਆ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਦਾ ਹੈ, ਜਿਸ ਲਈ ਸੂਬੇ ਭਰ ’ਚ ਨਵੇਂ ਐਕਸ਼ਨ ਪਲਾਨ ’ਤੇ ਕੰਮ ਕੀਤਾ ਗਿਆ ਹੈ, ਜਿਸ ਤਹਿਤ ਪੁਲਸ ਅਤੇ ਸਿਵਲ ਪ੍ਰਸ਼ਾਸਨ ਮਿਲ ਕੇ ਨਸ਼ੇ ਦੇ ਖ਼ਾਤਮੇ ਲਈ ਕੰਮ ਕਰ ਰਹੇ ਹਨ।ਇਸ ਤਹਿਤ ਕਪੂਰਥਲਾ ਪੁਲਸ ਨੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਮਿਲ ਕੇ ਜ਼ਿਲ੍ਹੇ ਦੇ ਨਸ਼ਾ ਪ੍ਰਭਾਵਿਤ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਦੇ ਨਾਲ-ਨਾਲ ਨਵੀਂ ਰਣਨੀਤੀ ’ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਤਹਿਤ ਵੀਰਵਾਰ ਤੋਂ ਪੂਰੇ ਜ਼ਿਲ੍ਹੇ ਵਿਚ ਨਵੀਂ ਨਸ਼ਾ ਵਿਰੋਧੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ ਡੀ. ਸੀ. ਅਮਿਤ ਕੁਮਾਰ ਪੰਚਾਲ ਕਪੂਰਥਲਾ ਸਾਂਝੇ ਤੌਰ ’ਤੇ ਇਸ ਮੁਹਿੰਮ ਦੀ ਸ਼ੁਰੂਆਤ ਕਰਨਗੇ। ਐੱਸ. ਪੀ. (ਡੀ) ਕਪੂਰਥਲਾ ਤੇਜਵੀਰ ਸਿੰਘ ਹੁੰਦਲ, ਡੀ. ਐੱਸ. ਪੀ. (ਡੀ) ਗੁਰਮੀਤ ਸਿੰਘ ਅਤੇ ਡੀ. ਐੱਸ. ਪੀ. (ਪੀ. ਬੀ. ਆਈ) ਭਾਰਤ ਭੂਸ਼ਣ ਨੂੰ ਨਾਲ ਲੈ ਕੇ ਇਸ ਨਵੀਂ ਮੁਹਿੰਮ ’ਚ ਵਿਸ਼ੇਸ ਪੁਲਸ ਟੀਮਾਂ ਦਾ ਗਠਨ ਕੀਤਾ ਜਾਵੇਗਾ।

ਇਹ ਸਾਰੀਆਂ ਪੁਲਸ ਟੀਮਾਂ ਮੁੱਖ ਨਸ਼ਾ ਪ੍ਰਭਾਵਿਤ ਪਿੰਡਾਂ ਬੂਟਾਂ, ਬਾਦਸ਼ਾਹਪੁਰ, ਹਮੀਰਾ, ਡੋਗਰਾਂਵਾਲ, ਲਾਟੀਆਂਵਾਲ, ਤੋਤੀ ਅਤੇ ਸੇਚਾਂ ’ਚ ਦਿਨ ਭਰ ਮੌਜੂਦ ਰਹਿਣਗੀਆਂ। ਇਨ੍ਹਾਂ ਟੀਮਾਂ ਦੇ ਨਾਲ ਡਾਕਟਰਾਂ ਦੀਆਂ ਵਿਸ਼ੇਸ਼ ਟੀਮਾਂ ਵੀ ਸ਼ਾਮਲ ਕੀਤੀਆਂ ਜਾਣਗੀਆਂ। ਇਹ ਟੀਮਾਂ ਨਸ਼ਾ ਸਮੱਗਲਰਾਂ ਦੇ ਠਿਕਾਣਿਆਂ ’ਤੇ ਛਾਪੇਮਾਰੀ ਕਰਨਗੀਆਂ ਜੋ ਲੰਬੇ ਸਮੇਂ ਤੋਂ ਨਸ਼ਾ ਤਸਕਰੀ ਦਾ ਧੰਦਾ ਕਰ ਰਹੇ ਹਨ। ਪਤਵੰਤਿਆਂ ਦੇ ਸਹਿਯੋਗ ਨਾਲ ਕਪੂਰਥਲਾ ਪੁਲਸ ਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਦਾ ਸ਼ਿਕਾਰ ਹੋਏ ਨੌਜਵਾਨਾਂ ਦੀ ਪਛਾਣ ਕਰ ਕੇ ਉਨ੍ਹਾਂ ਦੇ ਇਲਾਜ ਲਈ ਸਾਂਝੇ ਉਪਰਾਲੇ ਕੀਤੇ ਜਾਣਗੇ। ਇਸ ਮੰਤਵ ਲਈ ਇਸ ਮੁਹਿੰਮ ’ਚ ਡਾਕਟਰਾਂ ਦੀਆਂ ਟੀਮਾਂ ਨੂੰ ਸ਼ਾਮਲ ਕੀਤਾ ਗਿਆ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਕਰਨ ਦੇ ਮੰਤਵ ਨਾਲ ਨਸ਼ਾ ਪ੍ਰਭਾਵਿਤ ਪਿੰਡਾਂ ’ਚ ਖੇਡ ਮੁਕਾਬਲੇ ਕਰਵਾਏ ਜਾਣਗੇ ਅਤੇ ਅਜਿਹੇ ਮੁਕਾਬਲੇ ਆਉਣ ਵਾਲੇ ਦਿਨਾਂ ’ਚ ਵੀ ਜਾਰੀ ਰਹਿਣਗੇ। ਜ਼ਿਲ੍ਹੇ ਭਰ ’ਚ ਸਾਰੇ ਪੁਰਾਣੇ ਨਸ਼ਾ ਤਸਕਰਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੇ ਕਾਰੋਬਾਰ ਰਾਹੀਂ ਬਣਾਈ ਗਈ ਜਾਇਦਾਦ ਨੂੰ ਸਰਕਾਰੀ ਤੌਰ ’ਤੇ ਕੁਰਕ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਡਰੱਗ ਮਾਫੀਆ ਨੂੰ ਜੜ੍ਹੋਂ ਪੁੱਟਣ ਲਈ ਸਹਿਯੋਗ ਦੇਣ। ਇਸ ਸਬੰਧੀ ਸੂਚਨਾ ਦੇਣ ਵਾਲੇ ਕਿਸੇ ਵੀ ਵਿਅਕਤੀ ਦਾ ਨਾਮ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਡਰੱਗ ਮਾਫ਼ੀਆ ਵਿਰੁੱਧ ਚਲਾਈ ਜਾ ਰਹੀ ਮੁਹਿੰਮ ’ਚ ਜ਼ਿਲ੍ਹੇ ਭਰ ਦੇ ਸਾਰੇ 15 ਥਾਣਿਆਂ ਦੀ ਪੁਲਸ ਅਤੇ ਸੀ. ਆਈ. ਏ. ਸਟਾਫ਼ ਦੀਆਂ ਟੀਮਾਂ ਨੂੰ ਸ਼ਾਮਲ ਕੀਤਾ ਗਿਆ ਹੈ।

## ਮੁਕੇਰੀਆਂ ਦਾ CRPF ਹੈੱਡ ਕਾਂਸਟੇਬਲ ਨਾਗਾਲੈਂਡ ‘ਚ ਹੋਇਆ ਸ਼ਹੀਦ, ਦਿਲ ਦਾ ਦੌਰਾ ਪੈਣ ਕਾਰਨ ਗਈ ਜਾਨ



ਮੁਕੇਰੀਆਂ ਦੇ ਪਿੰਡ ਜੰਡਵਾਲ ਨੇੜੇ ਠਾਕੁਰਦੁਆਰੇ ਨਾਲ ਸਬੰਧਤ CRPF ਦੀ ਬਟਾਲੀਅਨ ਨੰਬਰ 173 ਬੀ.ਐਨ ਦੇ ਹੈੱਡ ਕਾਂਸਟੇਬਲ ਮਨੋਜ ਕੁਮਾਰ (38) ਨਾਗਾਲੈਂਡ ਵਿੱਚ ਡਿਊਟੀ ਦੌਰਾਨ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸ਼ਹੀਦ ਹੋ ਗਏ, ਜਿਨ੍ਹਾਂ ਦਾ ਅੰਤਿਮ ਸੰਸਕਾਰ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦੇ ਪਿੰਡ ਠਾਕੁਰਦੁਆਰੇ ਵਿਖੇ ਕਰ ਦਿੱਤਾ ਗਿਆ ਹੈ। ਇਸ ਮੌਕੇ ਪਿੰਡ ਦੇ ਨਾਲ-ਨਾਲ ਇਲਾਕੇ ਦਾ ਮਾਹੌਲ ਗਮਗੀਨ ਹੋ ਗਿਆ। ਇਸ ਸਮੇਂ ਉਨ੍ਹਾਂ ਦੇ ਪੁੱਤਰਾਂ ਨੇ ਕਿਹਾ ਕਿ ਉਹ ਵੀ ਆਪਣੇ ਪਿਤਾ ਵਾਂਗ ਦੇਸ਼ ਦੀ ਸੇਵਾ ਕਰਨਾ ਚਾਹੁੰਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਮਨੋਜ ਕੁਮਾਰ ਦੇ ਪਿਤਾ ਰਾਮ ਲਾਲ ਨੇ ਦੱਸਿਆ ਕਿ ਮਨੋਜ ਕੁਮਾਰ 2005 ਵਿੱਚ CRPF ਬਟਾਲੀਅਨ ਨੰਬਰ 173 ਬੀਐਨ ਵਿੱਚ ਭਰਤੀ ਹੋਇਆ ਸੀ। ਉਸ ਨੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਤਾਇਨਾਤੀ ਦੌਰਾਨ 20 ਸਾਲ ਸੇਵਾਵਾਂ ਨਿਭਾਈਆਂ ਸਨ। ਮਨੋਜ ਕੁਮਾਰ ਦੀ ਪਤਨੀ ਮੀਨਾ ਕੁਮਾਰੀ ਆਪਣੇ ਦੋ ਬੇਟਿਆਂ ਮਨੀਸ਼ ਕੁਮਾਰ (12) ਅਤੇ ਗੌਰਵ ਕੁਮਾਰ (11) ਦੇ ਨਾਲ ਪੱਛਮੀ ਬੰਗਾਲ ਦੇ ਸਿਲੀਗੁੜੀ ਵਿੱਚ ਰਹਿ ਰਹੀ ਸੀ, ਸਕੂਲ ਵਿੱਚ ਛੁੱਟੀ ਹੋਣ ਕਾਰਨ ਮਨੋਜ ਕੁਮਾਰ ਦਾ ਪਰਿਵਾਰ ਪਿੰਡ ਠਾਕੁਰਦੁਆਰੇ ਆਇਆ ਹੋਇਆ ਸੀ।ਮ੍ਰਿਤਕ ਮਨੋਜ ਕੁਮਾਰ ਦੀ ਪਤਨੀ ਨੇ ਦੱਸਿਆ ਕਿ ਹਰ ਰੋਜ਼ ਦੀ ਤਰ੍ਹਾਂ 22 ਜੂਨ ਦਿਨ ਸ਼ਨੀਵਾਰ ਨੂੰ ਸਵੇਰੇ ਸਾਢੇ 9 ਵਜੇ ਮਨੋਜ ਦਾ ਫੋਨ ਆਇਆ। ਉਨ੍ਹਾਂ ਨੇ ਕਿਹਾ ਕਿ ਮੈਂ ਬਿਲਕੁਲ ਠੀਕ ਹਾਂ। ਉਨ੍ਹਾਂ ਨੇ ਬੱਚੇ ਅਤੇ ਮੇਰੇ ਨਾਲ ਲੰਬੀ ਗੱਲਬਾਤ ਕੀਤੀ। ਸੱਸ ਅਤੇ ਸਹੁਰਾ ਘਰ ਨਹੀਂ ਸਨ, ਇਸ ਲਈ ਉਨ੍ਹਾਂ ਨੇ ਮੈਨੂੰ ਕਿਹਾ ਕਿ ਮਾਤਾ ਪਿਤਾ ਘਰ ਨਹੀਂ ਹਨ ਮੈਂ ਉਨ੍ਹਾਂ ਨਾਲ ਗੱਲ ਕਰਨੀ ਹੈ, ਜਦੋਂ ਉਹ ਸ਼ਾਮ ਨੂੰ ਘਰ ਆ ਜਾਣਗੇ ਤਾਂ ਮੈ ਫੋਨ ਕਰਾਂਗਾ, ਪਰ ਕੁਦਰਤ ਨੂ ਕੁਝ ਹੋਰ ਹੀ ਮਨਜ਼ੂਰ ਸੀ। ਕਰੀਬ ਡੇਢ ਘੰਟੇ ਬਾਅਦ ਡਿਊਟੀ 'ਤੇ ਜਾਣ ਤੋਂ ਬਾਅਦ ਹੈੱਡ ਕਾਂਸਟੇਬਲ ਮਨੋਜ ਕੁਮਾਰ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਤੇ ਉਹ ਬੇਹੋਸ਼ ਹੋ ਗਏ। ਉਨ੍ਹਾਂ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਦਮ ਤੋੜ ਦਿੱਤਾ। ਮ੍ਰਿਤਕ ਆਪਣੇ ਪਿੱਛੇ ਮਾਤਾ-ਪਿਤਾ, ਇਕ ਭਰਾ, ਭੈਣ, ਪਤਨੀ ਅਤੇ ਦੋ ਪੁੱਤਰ ਛੱਡ ਗਿਆ ਹੈ।

## ਤਪਦੀ ਗਰਮੀ ਵਿਚਾਲੇ ਮੀਂਹ ਨੂੰ ਲੈ ਕੇ ਵੱਡੀ ਅਪਡੇਟ, ਮੌਸਮ ਵਿਭਾਗ ਨੇ ਕੀਤੀ ਭਵਿੱਖਬਾਣੀ



ਡੇਢ ਮਹੀਨੇ ਦੀ ਅੱਤ ਦੀ ਗਰਮੀ ਤੋਂ ਬਾਅਦ ਸੋਮਵਾਰ ਤੋਂ ਆਉਣ ਵਾਲੇ ਦਿਨਾਂ ’ਚ ਮੀਂਹ ਪੈਣ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਹਨ। ਮਾਨਸੂਨ ਪਿਛਲੇ ਤਿੰਨ ਹਫ਼ਤਿਆਂ ਤੋਂ ਸਿੱਕਮ ਦੇ ਆਸ-ਪਾਸ ਰੁਕ ਗਿਆ ਹੈ। ਜਿੱਥੇ ਇਕ ਪਾਸੇ ਇਹ ਬਿਹਾਰ, ਉੱਤਰ ਪ੍ਰਦੇਸ਼ ਤੋਂ ਦੇਸ਼ ਦੇ ਉੱਤਰੀ ਹਿੱਸੇ ਵੱਲ ਵਧ ਰਿਹਾ ਹੈ, ਉੱਥੇ ਹੀ ਚੰਡੀਗੜ੍ਹ ’ਚ ਹੁੰਮਸ ਵਧਣ ਨਾਲ ਚੰਡੀਗੜ੍ਹ ਹਵਾਈ ਅੱਡੇ, ਪੰਚਕੂਲਾ, ਡੇਰਾਬਸੀ, ਕਾਲਕਾ, ਕਸੌਲੀ ਤੇ ਆਸਪਾਸ ਦੇ ਕਈ ਇਲਾਕਿਆਂ ’ਚ ਸੋਮਵਾਰ ਨੂੰ ਮੀਂਹ ਪਿਆ। ਹਵਾ ’ਚ ਵਧ ਰਹੀ ਹੁੰਮਸ ਤੇ ਮਾਨਸੂਨ ਦੀ ਵਧਦੀ ਰਫ਼ਤਾਰ ਕਾਰਨ ਸ਼ਹਿਰ ’ਚ 28 ਜੂਨ ਦੇ ਆਸਪਾਸ ਮੀਂਹ ਪੈਣ ਦੀ ਸੰਭਾਵਨਾ ਹੈ।ਸੋਮਵਾਰ ਸਵੇਰ ਤੋਂ ਹੀ ਭਾਰੀ ਨਮੀ ਤੇ ਹਲਕੇ ਬੱਦਲਾਂ ਕਾਰਨ ਵੱਧ ਤੋਂ ਵੱਧ ਤਾਪਮਾਨ 39.9 ਡਿਗਰੀ ਤੋਂ ਉੱਪਰ ਨਹੀਂ ਜਾ ਸਕਿਆ ਪਰ ਹਵਾ ’ਚ ਹੁੰਮਸ 42 ਤੋਂ 60 ਫ਼ੀਸਦੀ ਤੱਕ ਬਣੀ ਰਹੀ, ਜਿਸ ਕਾਰਨ ਲੋਕਾਂ ਨੂੰ ਦਿਨ ਭਰ ਪਸੀਨਾ ਵਹਾਉਣਾ ਪਿਆ। ਐਤਵਾਰ ਰਾਤ ਨੂੰ ਵੀ ਘੱਟੋ-ਘੱਟ ਤਾਪਮਾਨ 30.6 ਡਿਗਰੀ ਦੇ ਆਸਪਾਸ ਰਿਹਾ।ਜੇ ਮਾਨਸੂਨ ਦੇ ਆਉਣ ਤੋਂ ਪਹਿਲਾਂ ਹਵਾ ’ਚ ਹੁੰਮਸ ਦੀ ਮਾਤਰਾ ਵਧ ਜਾਂਦੀ ਹੈ ਤਾਂ ਸਥਾਨਕ ਬੱਦਲ ਬਣ ਜਾਂਦੇ ਹਨ ਤੇ ਮੀਂਹ ਪੈਂਦਾ ਹੈ। ਸੋਮਵਾਰ ਨੂੰ ਵੀ ਅਜਿਹਾ ਹੀ ਕੁਝ ਹੋਇਆ ਅਤੇ ਹਵਾ ’ਚ ਹੁੰਮਸ ਦੀ ਮਾਤਰਾ ਅਚਾਨਕ ਵਧ ਗਈ। ਹੁੰਮਸ ਦੀ ਮਾਤਰਾ ਇੰਨੀ ਵਧ ਗਈ ਕਿ ਇਹ 42 ਫ਼ੀਸਦੀ ਤੋਂ ਹੇਠਾਂ ਨਹੀਂ ਗਈ। ਜਦੋਂ ਇਹ ਹੁੰਮਸ 35 ਡਿਗਰੀ ਤੋਂ ਉੱਪਰ ਤਾਪਮਾਨ ਦੇ ਸੰਪਰਕ ’ਚ ਆਈ ਤਾਂ 11 ਵਜੇ ਤੋਂ ਬਾਅਦ ਸਥਾਨਕ ਬੱਦਲ ਬਣਨੇ ਸ਼ੁਰੂ ਹੋ ਗਏ। ਇਹ ਬੱਦਲ ਸ਼ਹਿਰ ਉੱਤੇ ਵੀ ਆ ਗਏ ਪਰ ਸੰਘਣੇ ਕਾਲੇ ਬੱਦਲ ਕਸੌਲੀ ਅਤੇ ਬੱਦੀ ਉੱਤੇ ਬਣਨੇ ਸ਼ੁਰੂ ਹੋ ਗਏ।ਸਥਾਨਕ ਬੱਦਲਾਂ ਕਾਰਨ ਹੋਈ ਬਰਸਾਤ ਤੋਂ ਬਾਅਦ ਮਾਨਸੂਨ ਦੇ ਆਉਣ ਤੱਕ ਸ਼ਹਿਰ ਤੇ ਆਸਪਾਸ ਦੇ ਇਲਾਕਿਆਂ ਦੀ ਹਵਾ ’ਚ ਨਮੀ ਦੀ ਮਾਤਰਾ ਲਗਾਤਾਰ ਬਣੀ ਰਹੇਗੀ। ਇਹ ਨਮੀ ਮਾਨਸੂਨ ਦੇ ਆਉਣ ਤੋਂ ਪਹਿਲਾਂ ਮੀਂਹ ਲਿਆ ਸਕਦੀ ਹੈ। ਜੇ ਪੂਰਬੀ ਹਵਾਵਾਂ ਵੀ ਇਸ ਮੀਂਹ ਨਾਲ ਰਲਦੀਆਂ ਹਨ ਤਾਂ ਇਹ ਮੀਂਹ ਪ੍ਰੀ-ਮਾਨਸੂਨ ਮੀਂਹ ਬਣ ਜਾਵੇਗਾ ਕਿਉਂਕਿ ਮਾਨਸੂਨ ਦੇ ਪੂਰਬ ਤੋਂ ਉੱਤਰ ਵੱਲ ਜਾਣ ਤੋਂ ਪਹਿਲਾਂ ਪੂਰਬੀ ਹਵਾਵਾਂ ਚੰਡੀਗੜ੍ਹ ਸਮੇਤ ਉੱਤਰੀ ਭਾਰਤ ’ਚ ਪਹੁੰਚ ਜਾਂਦੀਆਂ ਹਨ। ਇਸ ਸਮੇਂ ਦੱਖਣ-ਪੱਛਮੀ ਹਵਾਵਾਂ ਨਾਲ ਅਰਬ ਸਾਗਰ ਤੋਂ ਆਉਣ ਵਾਲੀ ਨਮੀ ਤੋਂ ਬਣੇ ਸਥਾਨਕ ਬੱਦਲਾਂ ਕਾਰਨ ਮੀਂਹ ਪੈ ਰਿਹਾ ਹੈ।



# ਅਫਗਾਨਿਸਤਾਨ ਪਹਿਲੀ ਵਾਰ T20 ਵਿਸ਼ਵ ਕੱਪ ਦੇ ਸੈਮੀਫਾਈਨਲ 'ਚ, ਆਸਟ੍ਰੇਲੀਆ ਬਾਹਰ

ਅਫਗਾਨਿਸਤਾਨ ਨੇ ਬੰਗਲਾਦੇਸ਼ ਨੂੰ 10 ਦੌੜਾਂ ਨਾਲ ਹਰਾ ਕੇ ਪਹਿਲੀ ਵਾਰ ਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਜਗ੍ਹਾ ਬਣਾ ਲਈ ਹੈ। ਅਫਗਾਨਿਸਤਾਨ ਦੇ ਸੈਮੀਫਾਈਨਲ 'ਚ ਪਹੁੰਚਣ ਤੋਂ ਬਾਅਦ ਆਸਟ੍ਰੇਲੀਆ ਟੀ-20 ਵਿਸ਼ਵ ਕੱਪ ਤੋਂ ਬਾਹਰ ਹੋ ਗਿਆ ਹੈ। ਆਪਣੇ ਗੇਂਦਬਾਜ਼ਾਂ ਦੇ ਅਨੁਸ਼ਾਸਿਤ ਪ੍ਰਦਰਸ਼ਨ ਦੇ ਆਧਾਰ 'ਤੇ ਬੰਗਲਾਦੇਸ਼ ਨੇ ਟੀ-20 ਵਿਸ਼ਵ ਕੱਪ ਦੇ ਬੇਹੱਦ ਮਹੱਤਵਪੂਰਨ ਆਖਰੀ ਗਰੁੱਪ ਮੈਚ 'ਚ ਅਫਗਾਨਿਸਤਾਨ ਨੂੰ ਪੰਜ ਵਿਕਟਾਂ 'ਤੇ 115 ਦੌੜਾਂ 'ਤੇ ਰੋਕ ਦਿੱਤਾ।

ਸੈਮੀਫਾਈਨਲ 'ਚ ਪ੍ਰਵੇਸ਼ ਕਰਨ ਲਈ ਅਫਗਾਨਿਸਤਾਨ ਨੂੰ ਇਹ ਮੈਚ ਹਰ ਕੀਮਤ 'ਤੇ ਜਿੱਤਣਾ ਸੀ। ਹਾਲਾਂਕਿ ਇਸਦੇ ਬੱਲੇਬਾਜ਼ਾਂ, ਖਾਸ ਕਰਕੇ ਫਾਰਮ ਵਿੱਚ ਚੱਲ ਰਹੀ ਸਲਾਮੀ ਜੋੜੀ ਨੇ ਨਿਰਾਸ਼ ਕੀਤਾ। ਰਹਿਮਾਨਉੱਲ੍ਹਾ ਗੁਰਬਾਜ਼ ਨੇ 55 ਗੇਂਦਾਂ ਵਿੱਚ 43 ਦੌੜਾਂ ਬਣਾਈਆਂ ਜਦਕਿ ਇਬਰਾਹਿਮ ਜ਼ਦਰਾਨ ਨੇ 29 ਗੇਂਦਾਂ ਖੇਡ ਕੇ 18 ਦੌੜਾਂ ਬਣਾਈਆਂ। ਬੰਗਲਾਦੇਸ਼ ਲਈ ਰਿਸ਼ਾਦ ਹੁਸੈਨ ਨੇ ਚਾਰ ਓਵਰਾਂ ਵਿੱਚ 26 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ ਜਦਕਿ ਤਸਕੀਨ ਅਹਿਮਦ ਨੇ ਚਾਰ ਓਵਰਾਂ ਵਿੱਚ ਸਿਰਫ਼ 12 ਦੌੜਾਂ ਦੇ ਕੇ ਇੱਕ ਵਿਕਟ ਲਈ।

ਅਫਗਾਨਿਸਤਾਨ ਦੀ ਟੀਮ ਇਕ ਵਾਰ ਫਿਰ ਘੱਟ ਸਕੋਰ 'ਤੇ ਢਹਿ ਗਈ ਪਰ ਉਨ੍ਹਾਂ ਨੇ ਫਿਰ ਆਪਣੀ ਗੇਂਦਬਾਜ਼ੀ ਨਾਲ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਬੰਗਲਾਦੇਸ਼ ਨੂੰ 17.5 ਓਵਰਾਂ 'ਚ 105 ਦੌੜਾਂ 'ਤੇ ਰੋਕ ਦਿੱਤਾ। ਲਿਟਨ ਦਾਸ ਦੇ ਅਰਧ ਸੈਂਕੜੇ (49 ਗੇਂਦਾਂ ਵਿੱਚ 5 ਚੌਕਿਆਂ ਅਤੇ ਇੱਕ ਛੱਕੇ ਦੀ ਮਦਦ ਨਾਲ 54 ਦੌੜਾਂ) ਤੋਂ ਇਲਾਵਾ ਹੋਰ ਕੋਈ ਬੱਲੇਬਾਜ਼ 20 ਦੌੜਾਂ ਦਾ ਅੰਕੜਾ ਵੀ ਪਾਰ ਨਹੀਂ ਕਰ ਸਕਿਆ। ਨਵੀਨ-ਉਲ-ਹੱਕ ਅਤੇ ਰਾਸ਼ਿਦ ਖਾਨ ਨੇ ਸ਼ਾਨਦਾਰ ਗੇਂਦਬਾਜ਼ੀ ਦਾ ਪ੍ਰਦਰਸ਼ਨ ਕੀਤਾ ਅਤੇ 4-4 ਵਿਕਟਾਂ ਲਈਆਂ।

# PCB ’ਚ ਬਦਲਾਅ ਦੀ ਤਿਆਰੀ, ਖਿਡਾਰੀਆਂ ਲਈ ਬਣੇਗਾ ਖੇਡ ਜ਼ਾਬਤਾ

PCB® Pakistan Cricket Board

ਅਮਰੀਕਾ ਵਿਚ ਟੀ-20 ਵਿਸ਼ਵ ਕੱਪ ਵਿਚ ਪਾਕਿਸਤਾਨ ਦੇ ਖਰਾਬ ਪ੍ਰਦਰਸ਼ਨ ਤੋਂ ਬਾਅਦ ਦੇਸ਼ ਦੇ ਕ੍ਰਿਕਟ ਬੋਰਡ ਵਿਚ ਬਦਲਾਅ ਦੀ ਤਿਆਰੀ ਹੈ ਤੇ ਖਿਡਾਰੀਆਂ ਲਈ ਖੇਡ ਜ਼ਾਬਤਾ ਬਣਾਉਣ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ ਜਿਹੜਾ ਟੂਰਨਾਮੈਂਟ ਦੌਰਾਨ ਆਪਣੇ ਪਰਿਵਾਰਕ ਮੈਂਬਰਾਂ ਨੂੰ ਨਾਲ ਲਿਜਾਣ ਤੇ ਪੈਸੇ ਲੈ ਕੇ ਪ੍ਰਚਾਰ ਪ੍ਰੋਗਰਾਮਾਂ ਵਿਚ ਜਾਣ ਲਈ ਆਲੋਚਨਾਵਾਂ ਦਾ ਸਾਹਮਣਾ ਕਰ ਰਿਹਾ ਹੈ।

ਪਾਕਿਸਤਾਨ ਕ੍ਰਿਕਟ ਬੋਰਡ (ਪੀ. ਸੀ. ਬੀ.) ਦੇ ਇਕ ਭਰੋਸੇਯੋਗ ਸੂਤਰ ਨੇ ਪੁਸ਼ਟੀ ਕੀਤੀ ਹੈ ਕਿ ਮੁਖੀ ਮੋਹਸਿਨ ਨਕਵੀ ਕੁਝ ਸੀਨੀਅਰ ਅਧਿਕਾਰੀਆਂ ਦੇ ਪ੍ਰਦਰਸ਼ਨ ਤੋਂ ਨਾਰਾਜ਼ ਹੈ ਤੇ ਉਸ ਨੇ ਟੀਮ ਵਿਚ ਅਨੁਸ਼ਾਸਨਹੀਣਤਾ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਟੀਮ ਟੀ-20 ਵਿਸ਼ਵ ਕੱਪ ਵਿਚ ਲੀਗ ਗੇੜ ਤੋਂ ਵੀ ਅੱਗੇ ਨਹੀਂ ਵੱਧ ਸਕੀ।

ਸੂਤਰ ਨੇ ਕਿਹਾ,“ਤੁਸੀਂ ਉਮੀਦ ਕਰ ਸਕਦੇ ਹੋ ਕਿ ਪੀ. ਸੀ. ਬੀ. ਭਵਿੱਖ ਵਿਚ ਸੀਨੀਅਰ ਮੈਨੇਜਮੈਂਟ ਪੱਧਰ ਦੇ ਕੁਝ ਅਧਿਕਾਰੀਆਂ ਨੂੰ ਬਾਹਰ ਕਰ ਦੇਵੇਗਾ ਤੇ ਖਿਡਾਰੀਆਂ ਲਈ ਕੁਝ ਸਖਤ ਨੀਤੀਆਂ ਵੀ ਲਾਗੂ ਕਰੇਗਾ।”

ਉਸ ਨੇ ਕਿਹਾ ਕਿ ਖਿਡਾਰੀਆਂ ਨੂੰ ਆਈ. ਸੀ. ਸੀ. ਤੇ ਹੋਰ ਪ੍ਰਮੁੱਖ ਪ੍ਰਤੀਯੋਗਿਤਾਵਾਂ ਵਿਚ ਆਪਣੇ ਪਰਿਵਾਰਾਂ ਨੂੰ ਨਾਲ ਲਿਜਾਣ ਦੀ ਮਨਜ਼ੂਰੀ ਨਾ ਦੇਣ ਦੇ ਬਾਰੇ ਵਿਚ ਨੀਤੀਗਤ ਫੈਸਲਾ ਵੀ ਪੀ. ਸੀ. ਬੀ. ਵੱਲੋਂ ਜਲਦ ਹੀ ਐਲਾਨ ਕੀਤੇ ਜਾਣ ਦੀ ਉਮੀਦ ਹੈ।”

ਸੂਤਰ ਨੇ ਕਿਹਾ,“ਇੰਨੇ ਸਾਰੇ ਖਿਡਾਰੀ ਨਾ ਸਿਰਫ ਆਪਣੀਆਂ ਪਤਨੀਆਂ ਤੇ ਬੱਚਿਆਂ ਨੂੰ ਵਿਸ਼ਵ ਕੱਪ ਲਈ ਲੈ ਕੇ ਗਏ ਸਗੋਂ ਉਨ੍ਹਾਂ ਦੇ ਮਾਤਾ-ਪਿਤਾ, ਭਰਾ ਆਦਿ ਵੀ ਟੀਮ ਹੋਟਲ ਵਿਚ ਰੁਕੇ, ਜਿਸ ਤੋਂ ਪੀ. ਸੀ. ਬੀ. ਮੁਖੀ ਨਾਰਾਜ਼ ਹਨ।

# ਟੀ-20i ਦੇ ਬੇਤਾਜ ਬਾਦਸ਼ਾਹ ਬਣੇ 'ਹਿੱਟਮੈਨ' ਰੋਹਿਤ ਸ਼ਰਮਾ





ਸੇਂਟ ਲੁਸੀਆ ਦੇ ਡੈਰੇਨ ਸੈਮੀ ਕ੍ਰਿਕਟ ਸਟੇਡੀਅਮ 'ਚ ਖੇਡੇ ਗਏ ਟੀ-20 ਵਿਸ਼ਵ ਕੱਪ ਦੇ ਸੁਪਰ-8 ਗੇੜ ਦੇ ਮੁਕਾਬਲੇ 'ਚ ਭਾਰਤ ਨੇ ਆਸਟ੍ਰੇਲੀਆ ਨੂੰ 24 ਦੌੜਾਂ ਨਾਲ ਹਰਾ ਕੇ ਸੈਮੀਫਾਈਨਲ 'ਚ ਜਗ੍ਹਾ ਪੱਕੀ ਕਰ ਲਈ ਹੈ। ਇਹੀ ਨਹੀਂ, ਇਸ ਜਿੱਤ ਨਾਲ ਭਾਰਤ ਨੇ ਵਨਡੇ ਵਿਸ਼ਵ ਕੱਪ 2023 ਦੇ ਫਾਈਨਲ 'ਚ ਮਿਲੀ ਹਾਰ ਦਾ ਬਦਲਾ ਵੀ ਆਸਟ੍ਰੇਲੀਆ ਕੋਲੋਂ ਲੈ ਲਿਆ ਹੈ।ਇਸ ਜਿੱਤ 'ਚ ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਸਭ ਤੋਂ ਅਹਿਮ ਭੂਮਿਕਾ ਨਿਭਾਈ। ਇਕ ਪਾਸੇ ਜਿੱਥੇ ਭਾਰਤੀ ਸਟਾਰ ਬੱਲੇਬਾਜ਼ ਵਿਰਾਟ ਕੋਹਲੀ ਖਾਤਾ ਵੀ ਨਾ ਖੋਲ੍ਹ ਸਕੇ, ਉੱਥੇ ਹੀ ਰੋਹਿਤ ਸ਼ਰਮਾ ਨੇ ਆਪਣੇ ਅੰਦਾਜ਼ 'ਚ ਖੇਡਦੇ ਹੋਏ ਤਾਬੜਤੋੜ ਬੱਲੇਬਾਜ਼ੀ ਕੀਤੀ। 'ਹਿੱਟਮੈਨ' ਨੇ 41 ਗੇਂਦਾਂ ਦੀ ਪਾਰੀ 'ਚ 7 ਚੌਕੇ ਤੇ 8 ਛੱਕੇ ਲਗਾਏ ਤੇ 92 ਦੌੜਾਂ ਦੀ ਤੂਫ਼ਾਨੀ ਪਾਰੀ ਖੇਡੀ। ਹਾਲਾਂਕਿ ਉਹ ਸੈਂਕੜਾ ਜੜਨ ਤੋਂ ਖੁੰਝ ਗਿਆ, ਪਰ ਇਸ ਦੇ ਬਾਵਜੂਦ ਉਹ ਟੀਮ ਨੂੰ ਚੰਗੇ ਸਕੋਰ ਤੱਕ ਪਹੁੰਚਾਉਣ 'ਚ ਸਫ਼ਲ ਰਿਹਾ। ਰੋਹਿਤ ਦੀ ਪਾਰੀ ਕਿੰਨੀ ਤਾਬੜਤੋੜ ਸੀ, ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਉਸ ਨੇ 19 ਗੇਂਦਾਂ 'ਚ ਆਪਣਾ ਅਰਧ ਸੈਂਕੜਾ ਪੂਰਾ ਕੀਤਾ ਤਾਂ ਭਾਰਤ ਦਾ ਸਕੋਰ 5 ਓਵਰਾਂ 'ਚ 52 ਦੌੜਾਂ ਸੀ। ਉਸ ਦੀ ਇਹ ਪਾਰੀ ਭਾਰਤੀ ਟੀਮ ਨੂੰ ਆਸਟ੍ਰੇਲੀਆ ਦੀ ਸਖ਼ਤ ਚੁਣੌਤੀ ਤੋਂ ਪਾਰ ਪਾਉਣ ਲਈ ਅਹਿਮ ਸਾਬਿਤ ਹੋਈ। ਹਿੱਟਮੈਨ ਦੀ ਇਹ ਪਾਰੀ ਕਈ ਤਰੀਕਿਆਂ ਨਾਲ ਖ਼ਾਸ ਰਹੀ। ਇਸ ਪਾਰੀ ਨਾਲ ਉਸ ਨੇ ਟੀ-20 ਕ੍ਰਿਕਟ ਦੇ ਕਈ ਵੱਡੇ ਰਿਕਾਰਡ ਆਪਣੇ ਨਾਂ ਕਰ ਲਏ ਹਨ। ਇਸ ਪਾਰੀ 'ਚ ਉਸ ਨੇ 8 ਛੱਕੇ ਲਗਾਏ ਹਨ। ਇਸ ਤਰ੍ਹਾਂ ਉਹ ਅੰਤਰਰਾਸ਼ਟਰੀ ਟੀ-20 ਕ੍ਰਿਕਟ 'ਚ 200 ਛੱਕਿਆਂ ਦਾ ਅੰਕੜਾ ਪਾਰ ਕਰਨ ਵਾਲਾ ਪਹਿਲਾ ਬੱਲੇਬਾਜ਼ ਬਣ ਗਿਆ ਹੈ। ਉਸ ਦੇ ਨਾਂ ਹੁਣ 203 ਛੱਕੇ ਹਨ, ਜਦਕਿ ਉਸ ਤੋਂ ਬਾਅਦ ਅਗਲਾ ਨਾਂ ਮਾਰਟਿਨ ਗਪਟਿਲ ਦਾ ਆਉਂਦਾ ਹੈ, ਜਿਸ ਨੇ 173 ਛੱਕੇ ਜੜੇ ਹਨ। ਇਸ ਤੋਂ ਬਾਅਦ ਉਹ ਅੰਤਰਰਾਸ਼ਟਰੀ ਟੀ-20 ਕ੍ਰਿਕਟ 'ਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਵੀ ਬਣ ਗਿਆ ਹੈ। ਉਸ ਦੇ ਨਾਂ ਹੁਣ ਇਸ ਫਾਰਮੈਟ 'ਚ 4,165 ਦੌੜਾਂ ਬਣਾ ਚੁੱਕਾ ਹੈ। ਉਸ ਤੋਂ ਬਾਅਦ ਪਾਕਿਸਤਾਨ ਦੇ ਬਾਬਰ ਆਜ਼ਮ ਦਾ ਨਾਂ ਆਉਂਦਾ ਹੈ, ਜਿਸ ਨੇ 4,145 ਦੌੜਾਂ ਬਣਾਈਆਂ ਹਨ। ਵਿਰਾਟ ਕੋਹਲੀ ਦਾ ਨਾਂ ਇਸ ਲਿਸਟ 'ਚ ਤੀਜੇ ਨੰਬਰ 'ਤੇ ਆਉਂਦਾ ਹੈ, ਜਿਸ ਨੇ 4103 ਦੌੜਾਂ ਬਣਾਈਆਂ ਹਨ। ਇਹੀ ਨਹੀਂ, ਰੋਹਿਤ ਸ਼ਰਮਾ ਇਸ ਵਿਸ਼ਵ ਕੱਪ 'ਚ ਸਭ ਤੋਂ ਤੇਜ਼ ਅਰਧ ਸੈਂਕੜਾ ਠੋਕਣ ਵਾਲਾ ਬੱਲੇਬਾਜ਼ ਵੀ ਬਣ ਗਿਆ ਹੈ। ਉਸ ਨੇ ਆਸਟ੍ਰੇਲੀਆ ਖ਼ਿਲਾਫ਼ ਸਿਰਫ਼ 19 ਗੇਂਦਾਂ 'ਚ ਆਪਣਾ ਅਰਧ ਸੈਂਕੜਾ ਪੂਰਾ ਕੀਤਾ। ਇਸ ਤੋਂ ਬਾਅਦ ਅਗਲਾ ਨਾਂ ਅਮਰੀਕਾ ਦੇ ਐਰਨ ਜੌਨਸ ਤੇ ਕੁਇੰਟਨ ਡੀਕੌਕ ਦਾ ਹੈ, ਜਿਨ੍ਹਾਂ ਨੇ 22 ਗੇਂਦਾਂ 'ਚ ਆਪਣਾ ਅਰਧ ਸੈਂਕੜਾ ਪੂਰਾ ਕੀਤਾ ਸੀ।ਇਸ ਮੈਚ 'ਚ ਵਿਰਾਟ ਕੋਹਲੀ ਦੇ ਜਲਦੀ ਆਊਟ ਹੋ ਜਾਣ ਤੋਂ ਬਾਅਦ ਜਦੋਂ ਤੀਜੇ ਓਵਰ 'ਚ ਗੇਂਦਬਾਜ਼ੀ ਲਈ ਮਿਚੇਲ ਸਟਾਰਕ ਆਏ ਤਾਂ ਰੋਹਿਤ ਸ਼ਰਮਾ ਨੇ ਉਸ ਦਾ ਰੱਜ ਕੇ ਕੁਟਾਪਾ ਚਾੜ੍ਹਿਆ। ਉਸ ਨੇ ਸਟਾਰਕ ਦੇ ਇਸ ਓਵਰ 'ਚ 4 ਛੱਕਿਆਂ ਤੇ 1 ਚੌਕੇ ਸਣੇ 29 ਦੌੜਾਂ ਜੋੜੀਆਂ, ਜਿਸ ਦੀ ਬਦੌਲਤ ਭਾਰਤੀ ਟੀਮ ਤੇਜ਼ ਸ਼ੁਰੂਆਤ ਹਾਸਲ ਕਰਨ 'ਚ ਕਾਮਯਾਬ ਹੋ ਸਕੀ ਤੇ ਅੰਤ 'ਚ ਟੀਮ ਨੇ ਸਕੋਰਬੋਰਡ 'ਤੇ 205 ਦੌੜਾਂ ਟੰਗ ਦਿੱਤੀਆਂ। ਜ਼ਿਕਰਯੋਗ ਹੈ ਕਿ ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 205 ਦੌੜਾਂ ਬਣਾਈਆਂ ਸੀ, ਜਿਸ ਦੇ ਜਵਾਬ 'ਚ ਆਸਟ੍ਰੇਲੀਆ ਦੀ ਟੀਮ 181 ਦੌੜਾਂ ਹੀ ਬਣਾ ਸਕੀ। ਇਸ ਤਰ੍ਹਾਂ ਭਾਰਤ ਨੇ ਇਹ ਮੁਕਾਬਲਾ 24 ਦੌੜਾਂ ਨਾਲ ਆਪਣੇ ਨਾਂ ਕਰ ਲਿਆ ਤੇ ਸੈਮੀਫਾਈਨਲ ਦੀ ਟਿਕਟ ਵੀ ਹਾਸਲ ਕਰ ਲਈ। ਹੁਣ ਆਸਟ੍ਰੇਲੀਆ ਨੂੰ ਸੈਮੀਫਾਈਨਲ 'ਚ ਪਹੁੰਚਣ ਲਈ ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਵਿਚਾਲੇ ਹੋਣ ਵਾਲੇ ਮੁਕਾਬਲੇ ਦੇ ਨਤੀਜੇ 'ਤੇ ਨਿਰਭਰ ਰਹਿਣਾ ਪਵੇਗਾ।



# ਆਸਟ੍ਰੇਲੀਆ ਤੋਂ ਜਿੱਤ ਤੋਂ ਬਾਅਦ ਬੋਲੇ ਰੋਹਿਤ, ਅਰਧ ਸੈਂਕੜੇ ਜਾਂ ਸੈਂਕੜੇ ਮਾਇਨੇ ਨਹੀਂ ਰੱਖਦੇ

ਉਹ ਭਾਵੇਂ ਹੀ ਰਿਕਾਰਡ-ਤੋੜ ਸੈਂਕੜਾ ਲਗਾਉਣ ਤੋਂ ਖੁੰਝ ਗਏ ਪਰ ਭਾਰਤੀ ਕਪਤਾਨ ਰੋਹਿਤ ਸ਼ਰਮਾ ਲਈ ਨਿੱਜੀ ਪ੍ਰਾਪਤੀਆਂ ਮਾਇਨੇ ਨਹੀਂ ਰੱਖਦੀਆਂ ਅਤੇ ਉਨ੍ਹਾਂ ਦਾ ਇੱਕੋ ਇੱਕ ਟੀਚਾ ਗੇਂਦਬਾਜ਼ਾਂ ਨੂੰ ਮੈਦਾਨ ਦੇ ਚਾਰੇ ਪਾਸੇ ਸ਼ਾਟ ਲਗਾ ਕੇ ਉਨ੍ਹਾਂ 'ਤੇ ਦਬਾਅ ਬਣਾਉਣਾ ਸੀ। ਆਸਟ੍ਰੇਲੀਆ ਖ਼ਿਲਾਫ਼ ਸੁਪਰ ਅੱਠ ਗੇੜ ਦੇ ਆਖਰੀ ਮੈਚ ਵਿੱਚ ਰੋਹਿਤ ਨੇ 41 ਗੇਂਦਾਂ ਵਿੱਚ ਸੱਤ ਚੌਕਿਆਂ ਅਤੇ ਅੱਠ ਛੱਕਿਆਂ ਦੀ ਮਦਦ ਨਾਲ 92 ਦੌੜਾਂ ਦੀ ਹਮਲਾਵਰ ਪਾਰੀ ਖੇਡੀ ਜਿਸ ਨਾਲ ਭਾਰਤ ਨੇ ਮੌਜੂਦਾ ਟੂਰਨਾਮੈਂਟ ਦਾ ਆਪਣਾ ਸਰਵੋਤਮ ਸਕੋਰ ਪੰਜ ਵਿਕਟਾਂ ’ਤੇ 205 ਦੌੜਾਂ ਬਣਾ ਕੇ 24 ਦੌੜਾਂ ਨਾਲ ਜਿੱਤ ਦਰਜ ਕੀਤੀ।

ਟੀ-20 ਵਿਸ਼ਵ ਕੱਪ 'ਚ ਸਭ ਤੋਂ ਤੇਜ਼ ਸੈਂਕੜਾ ਲਗਾਉਣ ਦਾ ਰਿਕਾਰਡ ਵੈਸਟਇੰਡੀਜ਼ ਦੇ ਕ੍ਰਿਸ ਗੇਲ ਦੇ ਨਾਂ ਹੈ, ਜਿਸ ਨੇ 2016 'ਚ 47 ਗੇਂਦਾਂ 'ਚ ਤੀਹਰਾ ਅੰਕ ਛੂਹਿਆ ਸੀ। ਰੋਹਿਤ ਇਸ ਰਿਕਾਰਡ ਨੂੰ ਤੋੜਨ ਦੇ ਬਹੁਤ ਨੇੜੇ ਸਨ। ਮੈਚ ਦਾ ਸਰਵੋਤਮ ਖਿਡਾਰੀ ਚੁਣੇ ਗਏ ਰੋਹਿਤ ਨੇ ਕਿਹਾ ਕਿ ਉਹ ਹੁਣ ਤੱਕ ਉਸੇ ਤਰ੍ਹਾਂ ਦੀ ਬੱਲੇਬਾਜ਼ੀ ਕਰਨਾ ਚਾਹੁੰਦਾ ਸੀ, ਜਿਸ ਤਰ੍ਹਾਂ ਉਹ ਹੁਣ ਤੱਕ ਕਰਦਾ ਆ ਰਿਹਾ ਹੈ। ਰੋਹਿਤ ਨੇ ਮੈਚ ਤੋਂ ਬਾਅਦ ਕਿਹਾ, 'ਜਦੋਂ ਤੁਸੀਂ ਖੁੱਲ੍ਹੇ ਦਿਮਾਗ ਨਾਲ ਖੇਡਦੇ ਹੋ ਅਤੇ ਸਿਰਫ ਇਕ ਸ਼ਾਟ ਬਾਰੇ ਨਹੀਂ ਸੋਚਦੇ ਹੋ ਤਾਂ ਤੁਸੀਂ ਮੈਦਾਨ ਦੇ ਸਾਰੇ ਹਿੱਸਿਆਂ ਵਿਚ ਦੌੜਾਂ ਬਣਾ ਸਕਦੇ ਹੋ। ਇਹ ਵਧੀਆ ਵਿਕਟ ਸੀ ਅਤੇ ਤੁਸੀਂ ਸ਼ਾਟ ਖੇਡਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਚਾਹੁੰਦੇ ਹੋ। ਮੈਂ ਪਿਛਲੇ ਕੁਝ ਸਾਲਾਂ ਤੋਂ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਅਤੇ ਮੈਨੂੰ ਖੁਸ਼ੀ ਹੈ ਕਿ ਅੱਜ ਇਹ ਸੰਭਵ ਹੋ ਗਿਆ ਹੈ।

ਉਨ੍ਹਾਂ ਨੇ ਕਿਹਾ, 'ਅਰਧ ਸੈਂਕੜੇ ਅਤੇ ਸੈਂਕੜੇ ਕੋਈ ਮਾਇਨੇ ਨਹੀਂ ਰੱਖਦੇ, ਮੈਂ ਉਸੇ ਸ਼ੈਲੀ 'ਚ ਬੱਲੇਬਾਜ਼ੀ ਕਰਨਾ ਚਾਹੁੰਦਾ ਸੀ, ਜਿਵੇਂ ਮੈਂ ਕਰਦਾ ਆਇਆ ਹਾਂ। ਤੁਸੀਂ ਵੱਡਾ ਸਕੋਰ ਬਣਾਉਣਾ ਚਾਹੁੰਦੇ ਹੋ। ਹਾਂ ਪਰ ਇਸ ਦੇ ਨਾਲ ਹੀ ਤੁਸੀਂ ਚਾਹੁੰਦੇ ਹੋ ਕਿ ਗੇਂਦਬਾਜ਼ ਇਹ ਸੋਚਣ ਕਿ ਅਗਲਾ ਸ਼ਾਟ ਕਿੱਥੇ ਆਵੇਗਾ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਅੱਜ ਅਜਿਹਾ ਕਰਨ ਵਿੱਚ ਕਾਮਯਾਬ ਰਿਹਾ। ਤੇਜ਼ ਹਵਾ ਵਿਚਾਲੇ ਬੱਲੇਬਾਜ਼ੀ ਦੇ ਬਾਰੇ 'ਚ ਰੋਹਿਤ ਨੇ ਕਿਹਾ, 'ਮੈਂ ਪਹਿਲੇ ਓਵਰ ਤੋਂ ਹੀ ਸੋਚਿਆ ਸੀ ਕਿ ਤੇਜ਼ ਹਵਾ ਚੱਲ ਰਹੀ ਹੈ। ਉਨ੍ਹਾਂ ਨੇ ਆਪਣੀ ਯੋਜਨਾ ਬਦਲੀ ਅਤੇ ਹਵਾ ਦੇ ਵਿਰੁੱਧ ਗੇਂਦਬਾਜ਼ੀ ਕੀਤੀ ਤਾਂ ਮੈਂ ਸੋਚਿਆ ਕਿ ਮੈਨੂੰ ਆਫ ਸਾਈਡ 'ਤੇ ਵੀ ਸ਼ਾਟ ਖੇਡਣੇ ਪੈਣਗੇ। ਤੁਹਾਨੂੰ ਹਵਾ ਦਾ ਵੀ ਖਿਆਲ ਰੱਖਣਾ ਪਵੇਗਾ ਅਤੇ ਸਮਝਣਾ ਪਵੇਗਾ ਕਿ ਗੇਂਦਬਾਜ਼ ਵੀ ਬੁੱਧੀਮਾਨ ਹੁੰਦੇ ਹਨ ਅਤੇ ਮੈਦਾਨ ਦੇ ਚਾਰੇ ਪਾਸੇ ਸ਼ਾਟ ਖੇਡਣੇ ਪੈਂਦੇ ਹਨ।

ਰੋਹਿਤ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਪਤਾ ਸੀ ਕਿ ਕਲਾਈ ਦੇ ਸਪਿਨਰ ਕੁਲਦੀਪ ਯਾਦਵ ਵੈਸਟਇੰਡੀਜ਼ ਦੀਆਂ ਪਿੱਚਾਂ 'ਤੇ ਕਾਫੀ ਫਾਇਦੇਮੰਦ ਸਾਬਤ ਹੋਣਗੇ। ਕੁਲਦੀਪ ਨੇ ਚਾਰ ਓਵਰਾਂ ਵਿੱਚ 24 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਰੋਹਿਤ ਨੇ ਕਿਹਾ, 'ਅਸੀਂ ਕੁਲਦੀਪ ਦੀ ਤਾਕਤ ਨੂੰ ਜਾਣਦੇ ਹਾਂ ਪਰ ਸਾਨੂੰ ਲੋੜ ਪੈਣ 'ਤੇ ਹੀ ਇਸ ਦੀ ਵਰਤੋਂ ਕਰਨੀ ਹੋਵੇਗੀ। ਨਿਊਯਾਰਕ ਦੀਆਂ ਪਿੱਚਾਂ ਤੇਜ਼ ਗੇਂਦਬਾਜ਼ਾਂ ਲਈ ਅਨੁਕੂਲ ਸਨ ਪਰ ਸਾਨੂੰ ਪਤਾ ਸੀ ਕਿ ਉਹ ਇੱਥੇ ਅਸਰਦਾਰ ਹੋਵੇਗਾ। ਆਸਟ੍ਰੇਲੀਆ ਦੇ ਕਪਤਾਨ ਮਿਸ਼ੇਲ ਮਾਰਸ਼ ਨੇ ਕਿਹਾ, 'ਇਹ ਨਿਰਾਸ਼ਾਜਨਕ ਹੈ। ਭਾਰਤੀ ਟੀਮ ਸਾਡੇ ਨਾਲੋਂ ਬਿਹਤਰ ਸੀ। ਅਸੀਂ ਪਿਛਲੇ 15 ਸਾਲਾਂ 'ਚ ਦੇਖਿਆ ਹੈ ਕਿ ਰੋਹਿਤ ਇਸ ਤਰ੍ਹਾਂ ਦੇ ਮੂਡ 'ਚ ਖੇਡ ਕੇ ਕੀ ਕਰ ਸਕਦੇ ਹਨ। ਅਜਿਹੇ ਟੀਚੇ ਦਾ ਪਿੱਛਾ ਕਰਦੇ ਹੋਏ ਪ੍ਰਤੀ ਓਵਰ ਦਸ ਦੌੜਾਂ ਬਣਾਉਣੀਆਂ ਪੈਂਦੀਆਂ ਹਨ ਪਰ ਭਾਰਤੀ ਟੀਮ ਸਾਡੇ ਤੋਂ ਕਾਫੀ ਬਿਹਤਰ ਸੀ।

# ਭਾਰਤ ਨੇ ਲਿਆ WC 2023 ਦੀ ਫਾਈਨਲ 'ਚ ਮਿਲੀ ਹਾਰ ਦਾ ਬਦਲਾ, ਆਸਟ੍ਰੇਲੀਆ ਨੂੰ ਟੂਰਨਾਮੈਂਟ 'ਚੋਂ ਕੀਤਾ OUT !



ਸੇਂਟ ਲੂਸੀਆ ਦੇ ਡੈਰੇਨ ਸੈਮੀ ਸਟੇਡੀਅਮ 'ਚ ਖੇਡੇ ਗਏ ਟੀ-20 ਵਿਸ਼ਵ ਕੱਪ ਦੇ ਸੁਪਰ-8 ਦੇ ਮੁਕਾਬਲੇ 'ਚ ਭਾਰਤ ਨੇ ਆਸਟ੍ਰੇਲੀਆ ਨੂੰ 24 ਦੌੜਾਂ ਨਾਲ ਹਰਾ ਕੇ ਸੈਮੀਫਾਈਨਲ 'ਚ ਜਗ੍ਹਾ ਬਣਾ ਲਈ ਹੈ। ਇਸ ਜਿੱਤ ਦੇ ਨਾਲ ਭਾਰਤ ਨੇ ਵਨਡੇ ਵਿਸ਼ਵ ਕੱਪ 2023 ਦੀ ਫਾਈਨਲ 'ਚ ਆਸਟ੍ਰੇਲੀਆ ਹੱਥੋਂ ਮਿਲੀ ਹਾਰ ਦਾ ਬਦਲਾ ਵੀ ਲੈ ਲਿਆ ਹੈ। ਭਾਰਤ ਨੇ ਜਿੱਥੇ ਟੀ20 ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਜਗ੍ਹਾ ਪੱਕੀ ਕਰ ਲਈ ਹੈ, ਉੱਥੇ ਹੀ ਆਸਟ੍ਰੇਲੀਆ ਲਈ ਅੱਗੇ ਦੀ ਰਾਹ ਮੁਸ਼ਕਲ ਹੋ ਗਈ ਹੈ। ਭਾਰਤ ਨੇ ਆਸਟ੍ਰੇਲੀਆ ਖ਼ਿਲਾਫ਼ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਕਪਤਾਨ ਰੋਹਿਤ ਸ਼ਰਮਾ (92) ਦੀ ਤਾਬੜਤੋੜ ਪਾਰੀ ਤੋਂ ਬਾਅਦ ਸੂਰਿਆਕੁਮਾਰ ਯਾਦਵ (31), ਸ਼ਿਵਮ ਦੁਬੇ (28) ਤੇ ਹਾਰਦਿਕ ਪੰਡਯਾ ਦੀਆਂ ਉਪਯੋਗੀ ਪਾਰੀਆਂ ਦੀ ਬਦੌਲਤ 205 ਦੌੜਾਂ ਬਣਾਈਆਂ। 206 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਆਸਟ੍ਰੇਲੀਆ ਨੂੰ ਪਹਿਲੇ ਹੀ ਓਵਰ 'ਚ ਵੱਡਾ ਝਟਕਾ ਲੱਗਾ, ਜਦੋਂ ਅਰਸ਼ਦੀਪ ਸਿੰਘ ਨੇ ਧਮਾਕੇਦਾਰ ਬੱਲੇਬਾਜ਼ ਡੇਵਿਡ ਵਾਰਨਰ ਨੂੰ 6 ਦੌੜਾਂ ਦੇ ਨਿੱਜੀ ਸਕੋਰ 'ਤੇ ਸਲਿੱਪ 'ਚ ਕੈਚ ਆਊਟ ਕਰਵਾਇਆ। ਇਸ ਤੋਂ ਬਾਅਦ ਅਗਲੇ ਓਵਰ 'ਚ ਵੀ ਬੁਮਰਾਹ ਨੇ ਆਸਟ੍ਰੇਲੀਆਈ ਕਪਤਾਨ ਮਿਚੇਲ ਮਾਰਸ਼ ਨੂੰ ਆਊਟ ਕਰਨ ਦਾ ਮੌਕਾ ਬਣਾਇਆ, ਪਰ ਰਿਸ਼ਭ ਪੰਤ ਪੈਰ ਫ਼ਸ ਜਾਣ ਕਾਰਨ ਗੇਂਦ ਤੱਕ ਪਹੁੰਚ ਨਾ ਸਕੇ। ਇਸ ਤੋਂ ਬਾਅਦ ਆਸਟ੍ਰੇਲੀਆ ਦੇ ਬੱਲੇਬਾਜ਼ਾਂ ਨੇ ਤੇਜ਼ ਰਫ਼ਤਾਰ ਨਾਲ ਦੌੜਾਂ ਬਣਾਉਣੀਆਂ ਸ਼ੁਰੂ ਕੀਤੀਆਂ ਤੇ ਟੀਮ ਨੂੰ ਸ਼ੁਰੂਆਤੀ ਝਟਕੇ ਤੋਂ ਉਭਾਰਿਆ। ਜਦੋਂ ਆਸਟ੍ਰੇਲੀਆ ਟੀਚੇ ਵੱਲ ਤੇਜ਼ੀ ਨਾਲ ਵਧ ਰਹੀ ਸੀ ਤਾਂ ਕੁਲਦੀਪ ਯਾਦਵ ਦੇ ਓਵਰ 'ਚ ਮਿਚੇਲ ਮਾਰਸ਼ ਦਾ ਅਕਸ਼ਰ ਪਟੇਲ ਨੇ ਹਵਾ 'ਚ ਉੱਡ ਕੇ ਇਕ ਹੱਥ ਨਾਲ ਸ਼ਾਨਦਾਰ ਕੈਚ ਫੜਿਆ। ਮਾਰਸ਼ 28 ਗੇਂਦਾਂ 'ਚ 37 ਦੌੜਾਂ ਬਣਾ ਕੇ ਕੁਲਦੀਪ ਦਾ ਸ਼ਿਕਾਰ ਬਣਿਆ। ਇਕ ਵਾਰ ਫ਼ਿਰ ਕੁਲਦੀਪ ਯਾਦਵ ਨੇ ਆਪਣੀ ਫਿਰਕੀ ਦਾ ਜਾਦੂ ਦਿਖਾਇਆ ਤੇ ਟੀਮ ਨੂੰ ਵੱਡੀ ਸਫ਼ਲਤਾ ਦਿਵਾਈ। ਉਨ੍ਹਾਂ ਨੇ ਆਪਣੀ ਫਿਰਕੀ ਦੀ ਜਾਲ 'ਚ ਫਸਾ ਕੇ ਮੈਕਸਵੈੱਲ ਨੂੰ 20 ਦੇ ਨਿੱਜੀ ਸਕੋਰ 'ਤੇ ਕਲੀਨ ਬੋਲਡ ਕੀਤਾ। ਇਸ ਤੋਂ ਬਾਅਦ ਵੀ ਟ੍ਰੈਵਿਸ ਹੈੱਡ ਨੇ ਸ਼ਾਨਦਾਰ ਗੇਂਦਬਾਜ਼ੀ ਜਾਰੀ ਰੱਖੀ ਤੇ 43 ਗੇਂਦਾਂ 'ਚ 73 ਦੌੜਾਂ ਦੀ ਪਾਰੀ ਖੇਡ ਕੇ ਜਸਪ੍ਰੀਤ ਬੁਮਰਾਹ ਦੀ ਗੇਂਦ 'ਤੇ ਕੈਚ ਆਊਟ ਹੋਇਆ।ਇਸ ਤੋਂ ਬਾਅਦ ਆਸਟ੍ਰੇਲੀਆਈ ਬੱਲੇਬਾਜ਼ ਭਾਰਤੀ ਗੇਂਦਬਾਜ਼ਾਂ ਦੇ ਅੱਗੇ ਟਿਕ ਨਾ ਸਕੇ ਤੇ ਆਸਟ੍ਰੇਲੀਆ ਦੀ ਪੂਰੀ ਟੀਮ 20 ਓਵਰਾਂ 'ਚ 7 ਵਿਕਟਾਂ ਗੁਆ ਕੇ 181 ਦੌੜਾਂ ਹੀ ਬਣਾ ਸਕੀ। ਇਸ ਤਰ੍ਹਾਂ ਭਾਰਤ ਨੇ ਇਹ ਮੁਕਾਬਲਾ ਸ਼ਾਨਦਾਰ ਬੱਲੇਬਾਜ਼ੀ ਤੋਂ ਬਾਅਦ ਗੇਂਦਬਾਜ਼ਾਂ ਦੇ ਦਮਦਾਰ ਪ੍ਰਦਰਸ਼ਨ ਦੀ ਬਦੌਲਤ 24 ਦੌੜਾਂ ਨਾਲ ਆਪਣੇ ਨਾਂ ਕਰ ਲਿਆ ਹੈ।

# ਆਸਟ੍ਰੇਲੀਆ ਨੂੰ ਮਿਲਿਆ 206 ਦੌੜਾਂ ਦਾ ਟੀਚਾ

ਭਾਰਤ ਅਤੇ ਆਸਟ੍ਰੇਲੀਆ ਵਿਚਾਲੇ ਟੀ-20 ਵਿਸ਼ਵ ਕੱਪ ਦਾ ਸੁਪਰ 8 ਮੈਚ ਅੱਜ ਸੇਂਟ ਲੂਸੀਆ ਦੇ ਗ੍ਰੋਸ ਆਈਲੇਟ ਸਥਿਤ ਡੈਰੇਨ ਸੈਮੀ ਨੈਸ਼ਨਲ ਕ੍ਰਿਕਟ ਸਟੇਡੀਅਮ 'ਚ ਖੇਡਿਆ ਜਾ ਰਿਹਾ ਹੈ। ਆਸਟ੍ਰੇਲੀਆ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ । ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਭਾਰਤੀ ਟੀਮ ਨੇ 20 ਓਵਰਾਂ 'ਚ 5 ਵਿਕਟਾਂ ਗੁਆ ਕੇ 205 ਦੌੜਾਂ ਬਣਾਈਆਂ ਤੇ ਆਸਟ੍ਰੇਲੀਆ ਨੂੰ ਜਿੱਤ ਲਈ 206 ਦੌੜਾਂ ਦਾ ਟੀਚਾ ਦਿੱਤਾ। ਪਹਿਲਾਂ ਬੱਲੇਬਾਜ਼ੀ ਕਰਨ ਭਾਰਤੀ ਟੀਮ ਨੂੰ ਪਹਿਲਾ ਝਟਕਾ ਉਦੋਂ ਲੱਗਾ ਜਦੋਂ ਕੋਹਲੀ 0 ਦੇ ਸਕੋਰ 'ਤੇ ਹੇਜ਼ਲਵੁੱਡ ਵਲੋਂ ਆਊਟ ਹੋਇਆ। ਭਾਰਤੀ ਟੀਮ ਨੂੰ ਦੂਜਾ ਝਟਕਾ ਉਦੋਂ ਲੱਗਾ ਜਦੋਂ ਰਿਸ਼ਭ ਪੰਤ 15 ਦੌੜਾਂ ਦੇ ਸਕੋਰ 'ਤੇ ਸਟੋਈਨਿਸ ਵਲੋਂ ਆਊਟ ਹੋਇਆ।

ਭਾਰਤੀ ਟੀਮ ਨੂੰ ਤੀਜਾ ਝਟਕਾ ਉਦੋਂ ਲੱਗਾ ਜਦੋਂ ਰੋਹਿਤ ਸ਼ਰਮਾ 92 ਦੌੜਾਂ ਦੇ ਸਕੋਰ 'ਤੇ ਮਿਸ਼ੇਲ ਸਟਾਰਕ ਵਲੋਂ ਬੋਲਡ ਹੋ ਕੇ ਪਵੇਲੀਅਨ ਪਰਤ ਗਿਆ। ਰੋਹਿਤ ਨੇ 41 ਗੇਂਦਾਂ 'ਤੇ 7 ਚੌਕੇ 8 ਛੱਕਿਆਂ ਦੀ ਮਦਦ ਨਾਲ 92 ਦੌੜਾਂ ਬਣਾਈਆਂ। ਭਾਰਤੀ ਟੀਮ ਨੂੰ ਚੌਥਾ ਝਟਕਾ ਉਦੋਂ ਲੱਗਾ ਜਦੋਂ ਸੂਰਯਕੁਮਾਰ ਯਾਦਵ 31 ਦੌੜਾਂ ਦੇ ਸਕੋਰ 'ਤੇ ਸਟਾਰਕ ਵਲੋਂ ਆਊਟ ਹੋਇਆ। ਭਾਰਤੀ ਟੀਮ ਨੂੰ ਚੌਥਾ ਝਟਕਾ ਉਦੋਂ ਲੱਗਾ ਜਦੋਂ ਸ਼ਿਵਮ ਦੂਬੇ 28 ਦੌੜਾਂ ਦੇ ਸਕੋਰ 'ਤੇ ਸਟੋਈਨਿਸ ਵਲੋਂ ਆਊਟ ਹੋਇਆ। ਹਾਰਦਿਕ ਪੰਡਯਾ ਨੇ 27 ਦੌੜਾਂ ਤੇ ਰਵਿੰਦਰ ਜਡੇਜਾ ਨੇ 9 ਦੌੜਾਂ ਬਣਾਈਆਂ। ਆਸਟ੍ਰੇਲੀਆ ਲਈ ਮਿਸ਼ੇਲ ਸਟਾਰਕ ਨੇ 2, ਜੋਸ਼ ਹੇਜ਼ਲਵੁੱਡ ਨੇ 1 ਤੇ ਮਾਰਕਸ ਸਟੋਈਨਿਸ ਨੇ 2 ਵਿਕਟਾਂ ਲਈਆਂ। ਭਾਰਤ ਪਿਛਲੇ ਦੋ ਮੈਚਾਂ (ਅਫਗਾਨਿਸਤਾਨ ਅਤੇ ਬੰਗਲਾਦੇਸ਼ ਖਿਲਾਫ) ਜਿੱਤਣ ਤੋਂ ਬਾਅਦ ਆਤਮਵਿਸ਼ਵਾਸ ਨਾਲ ਭਰਿਆ ਹੋਇਆ ਹੈ। ਉਥੇ ਹੀ ਆਸਟ੍ਰੇਲੀਆ ਅਫਗਾਨਿਸਤਾਨ ਤੋਂ ਹਾਰ ਗਿਆ ਸੀ ਅਤੇ ਉਹ ਵਾਪਸੀ ਕਰਨਾ ਚਾਹੇਗਾ। ਭਾਰਤ ਇਹ ਮੈਚ ਜਿੱਤ ਕੇ ਸੈਮੀਫਾਈਨਲ 'ਚ ਆਪਣੀ ਜਗ੍ਹਾ ਪੱਕੀ ਕਰਨਾ ਚਾਹੇਗਾ।

ਦੋਵੇਂ ਦੇਸ਼ਾਂ ਦੀ ਪਲੇਇੰਗ 11:

ਭਾਰਤ : ਰੋਹਿਤ ਸ਼ਰਮਾ (ਕਪਤਾਨ), ਵਿਰਾਟ ਕੋਹਲੀ, ਰਿਸ਼ਭ ਪੰਤ (ਵਿਕਟਕੀਪਰ), ਸੂਰਿਆਕੁਮਾਰ ਯਾਦਵ, ਸ਼ਿਵਮ ਦੂਬੇ, ਹਾਰਦਿਕ ਪੰਡਯਾ, ਰਵਿੰਦਰ ਜਡੇਜਾ, ਅਕਸ਼ਰ ਪਟੇਲ, ਕੁਲਦੀਪ ਯਾਦਵ, ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ

ਆਸਟਰੇਲੀਆ : ਟ੍ਰੈਵਿਸ ਹੈੱਡ, ਡੇਵਿਡ ਵਾਰਨਰ, ਮਿਸ਼ੇਲ ਮਾਰਸ਼ (ਕਪਤਾਨ), ਗਲੇਨ ਮੈਕਸਵੈੱਲ, ਮਾਰਕਸ ਸਟੋਇਨਿਸ, ਟਿਮ ਡੇਵਿਡ, ਮੈਥਿਊ ਵੇਡ (ਵਿਕਟਕੀਪਰ), ਪੈਟ ਕਮਿੰਸ, ਮਿਸ਼ੇਲ ਸਟਾਰਕ, ਐਡਮ ਜ਼ੈਂਪਾ, ਜੋਸ਼ ਹੇਜ਼ਲਵੁੱਡ

# ਸ਼ਨਾਇਆ ਕਪੂਰ ਨੇ ਪਹਿਣੀ 1.40 ਲੱਖ ਰੁਪਏ ਦੀ ਡਰੈੱਸ



ਅਦਾਕਾਰ ਸੰਜੇ ਕਪੂਰ ਦੀ ਬੇਟੀ ਸ਼ਨਾਇਆ ਕਪੂਰ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੀ ਹੈ। ਸ਼ਨਾਇਆ ਅਕਸਰ ਆਪਣੇ ਫੈਨਜ਼ ਨਾਲ ਆਪਣੇ ਅਪਡੇਟ ਸ਼ੇਅਰ ਕਰਦੀ ਰਹਿੰਦੀ ਹੈ।ਹਾਲ ਹੀ 'ਚ ਸ਼ਨਾਇਆ ਨੇ ਆਪਣੀਆਂ ਕੁਝ ਤਸਵੀਰਾਂ ਸ਼ੇਅਰ ਕੀਤੀਆਂ ਹਨ, ਜਿਨ੍ਹਾਂ ਨੂੰ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।ਤਸਵੀਰਾਂ 'ਚ ਸ਼ਨਾਇਆ ਗੁਲਾਬੀ ਰੰਗ ਦੀ ਸ਼ਾਰਟ ਡਰੈੱਸ 'ਚ ਨਜ਼ਰ ਆ ਰਹੀ ਹੈ। ਇਸ ਦੇ ਨਾਲ ਉਸ ਨੇ ਮੈਚਿੰਗ ਹੀਲ ਪਹਿਨੀ ਹੋਈ ਹੈ। ਲਾਈਟ ਮੇਕਅੱਪ ਅਤੇ ਪੋਨੀ ਨਾਲ ਉਸ ਦੀ ਦਿੱਖ ਪੂਰੀ ਹੋ ਰਹੀ ਹੈ। ਹਸੀਨਾ ਦੀਆਂ ਇਨ੍ਹਾਂ ਤਸਵੀਰਾਂ 'ਤੇ ਪ੍ਰਸ਼ੰਸਕਾਂ ਆਪਣਾ ਦਿਲ ਹਾਰ ਗਏ ਹਨ ਅਤੇ ਇਨ੍ਹਾਂ ਤਸਵੀਰਾਂ 'ਤੇ ਕਾਫੀ ਪਿਆਰ ਦੀ ਦਿਖਾ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਸ਼ਨਾਇਆ ਦੀ ਇਸ ਡਰੈੱਸ ਦੀ ਕੀਮਤ 1.40 ਲੱਖ ਰੁਪਏ ਹੈ। ਕੰਮ ਦੀ ਗੱਲ ਕਰੀਏ ਤਾਂ ਸ਼ਨਾਇਆ ਜਲਦ ਹੀ ਫ਼ਿਲਮ 'ਵਰਸ਼ਭ' ਨਾਲ ਐਕਟਿੰਗ ਦੀ ਦੁਨੀਆ 'ਚ ਐਂਟਰੀ ਕਰਨ ਜਾ ਰਹੀ ਹੈ। ਇਹ ਇੱਕ ਪੀਰੀਅਡ ਡਰਾਮਾ ਫ਼ਿਲਮ ਹੈ, ਜਿਸ 'ਚ ਸ਼ਾਨਦਾਰ VFX ਦੇਖਣ ਨੂੰ ਮਿਲੇਗਾ।


# ਅਨੰਤ ਅੰਬਾਨੀ ਆਪਣੇ ਵਿਆਹ ਦਾ ਸੱਦਾ ਦੇਣ ਪੁੱਜੇ ਅਦਾਕਾਰ ਅਜੇ ਦੇਵਗਨ ਦੇ ਘਰ





ਮੁਕੇਸ਼ ਅੰਬਾਨੀ ਅਤੇ ਨੀਤਾ ਅੰਬਾਨੀ ਦੇ ਛੋਟੇ ਬੇਟੇ ਅਨੰਤ ਅੰਬਾਨੀ ਜਲਦ ਹੀ ਰਾਧਿਕਾ ਮਰਚੈਂਟ ਨਾਲ ਵਿਆਹ ਦੇ ਬੰਧਨ 'ਚ ਬੱਝਣ ਜਾ ਰਹੇ ਹਨ। ਦੋਵੇਂ 12 ਜੁਲਾਈ ਨੂੰ ਵਿਆਹ ਦੇ ਬੰਧਨ 'ਚ ਬੱਝਣ ਜਾ ਰਹੇ ਹਨ, ਜਿਸ ਲਈ ਅੰਬਾਨੀ ਪਰਿਵਾਰ ਵਿਆਹ ਦੀਆਂ ਤਿਆਰੀਆਂ 'ਚ ਰੁੱਝਿਆ ਹੋਇਆ ਹੈ। ਜਿੱਥੇ ਕੱਲ੍ਹ ਨੀਤਾ ਅੰਬਾਨੀ ਨੇ ਸਭ ਤੋਂ ਪਹਿਲਾਂ ਕਾਸ਼ੀ ਪਹੁੰਚ ਕੇ ਆਪਣੇ ਬੇਟੇ ਅਨੰਤ ਅੰਬਾਨੀ ਅਤੇ ਹੋਣ ਵਾਲੀ ਨੂੰਹ ਰਾਧਿਕਾ ਮਰਚੈਂਟ ਦੇ ਵਿਆਹ ਦਾ ਸੱਦਾ ਬਾਬਾ ਵਿਸ਼ਵਨਾਥ ਦੇ ਚਰਨਾਂ 'ਚ ਰੱਖਿਆ, ਉਥੇ ਹੀ ਅਨੰਤ ਅੰਬਾਨੀ ਨੇ ਵੀ ਆਪਣੇ ਖਾਸ ਦੋਸਤਾਂ ਅਤੇ ਮਹਿਮਾਨਾਂ ਨੂੰ ਕਾਰਡ ਵੰਡਣੇ ਸ਼ੁਰੂ ਕਰ ਦਿੱਤੇ ਹਨ। ਹਾਲ ਹੀ 'ਚ ਅਨੰਤ ਅੰਬਾਨੀ ਆਪਣੇ ਵਿਆਹ ਦਾ ਕਾਰਡ ਦੇਣ ਲਈ ਬਾਲੀਵੁੱਡ ਅਦਾਕਾਰ ਅਜੇ ਦੇਵਗਨ ਦੇ ਘਰ ਗਏ ਸਨ। ਅਜੇ ਦੇਵਗਨ ਦੇ ਘਰ ਸ਼ਿਵਸ਼ਕਤੀ ਤੋਂ ਬਾਹਰ ਆਉਂਦੇ ਅਨੰਤ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ, ਜੋ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਓ 'ਚ ਅਨੰਤ ਹਮੇਸ਼ਾ ਦੀ ਤਰ੍ਹਾਂ ਸਖਤ ਸੁਰੱਖਿਆ 'ਚ ਅਜੇ ਦੇ ਘਰ ਤੋਂ ਬਾਹਰ ਨਿਕਲਦੇ ਨਜ਼ਰ ਆ ਰਹੇ ਹਨ। ਅਨੰਤ ਦਾ ਇਹ ਵੀਡੀਓ ਆਉਂਦੇ ਹੀ ਸੋਸ਼ਲ ਮੀਡੀਆ 'ਤੇ ਮਸ਼ਹੂਰ ਹੋ ਗਿਆ ਹੈ।ਤੁਹਾਨੂੰ ਦੱਸ ਦੇਈਏ ਕਿ ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ 12 ਜੁਲਾਈ ਨੂੰ ਵਿਆਹ ਦੇ ਬੰਧਨ 'ਚ ਬੱਝਣ ਜਾ ਰਹੇ ਹਨ। ਉਨ੍ਹਾਂ ਦੇ ਵਿਆਹ ਦਾ ਪ੍ਰੋਗਰਾਮ ਜਿਓ ਵਰਲਡ ਕਨਵੈਨਸ਼ਨ ਸੈਂਟਰ 'ਚ ਤਿੰਨ ਦਿਨ ਚੱਲੇਗਾ। ਜਿਸ ਦੀ ਸ਼ੁਰੂਆਤ 12 ਜੁਲਾਈ ਨੂੰ ਸ਼ੁਭ ਵਿਆਹ ਨਾਲ ਹੋਵੇਗੀ। ਇਸ ਤੋਂ ਬਾਅਦ 13 ਜੁਲਾਈ ਨੂੰ ਆਸ਼ੀਰਵਾਦ ਸਮਾਰੋਹ ਅਤੇ 14 ਜੁਲਾਈ ਨੂੰ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਜੇਕਰ ਡਰੈੱਸ ਕੋਡ ਦੀ ਗੱਲ ਕਰੀਏ ਤਾਂ ਇਸ ਸ਼ਾਨਦਾਰ ਸ਼ਾਹੀ ਵਿਆਹ ਲਈ 'ਇੰਡੀਅਨ ਫਾਰਮਲ' ਡਰੈੱਸ ਕੋਡ ਤੈਅ ਕੀਤਾ ਗਿਆ ਹੈ, ਜਦੋਂ ਕਿ ਮੰਗਲ ਉਤਸਵ ਯਾਨੀ ਕਿ 14 ਜੁਲਾਈ ਨੂੰ ਰਿਸੈਪਸ਼ਨ ਵਾਲੇ ਦਿਨ ਲਈ ਡਰੈੱਸ ਕੋਡ 'ਭਾਰਤੀ' ਰੱਖਿਆ ਗਿਆ ਹੈ। ਵਿਆਹ ਤੋਂ ਪਹਿਲਾਂ ਹਾਲ ਹੀ 'ਚ ਅਨੰਤ-ਰਾਧਿਕਾ ਲਈ ਕਰੂਜ਼ 'ਤੇ ਇਕ ਗ੍ਰੈਂਡ ਪਾਰਟੀ ਰੱਖੀ ਗਈ ਹੈ, ਜਿਸ ਦੀਆਂ ਤਸਵੀਰਾਂ ਅਤੇ ਵੀਡੀਓਜ਼ ਸਾਹਮਣੇ ਆ ਰਹੀਆਂ ਹਨ।

# ਧੀ ਨੂੰ ਗੋਦ 'ਚ ਲੈ ਕੇ ਨਵੇਂ ਘਰ ਦਾ ਨਿਰਮਾਣ ਕਾਰਜ ਦੇਖਣ ਪੁੱਜੇ Alia-Ranbir




ਬੀ-ਟਾਊਨ ਦੀ ਜੋੜੀ ਆਲੀਆ ਭੱਟ ਅਤੇ ਰਣਬੀਰ ਕਪੂਰ ਫੈਨਜ਼ ਨੂੰ ਕਦੇ ਆਪਣੀ ਅਦਾਕਾਰੀ ਨਾਲ ਅਤੇ ਕਦੀ ਆਪਣੀ ਨਿੱਜੀ ਜ਼ਿੰਦਗੀ ਨਾਲ ਪ੍ਰਭਾਵਿਤ ਕਰਨ 'ਚ ਸਫਲ ਰਹਿੰਦੇ ਹਨ।ਇਸ ਦੇ ਨਾਲ ਹੀ ਉਨ੍ਹਾਂ ਦੀ ਪਿਆਰੀ ਧੀ ਰਾਹਾ ਵੀ ਆਪਣੇ ਮਾਤਾ-ਪਿਤਾ ਦੇ ਨਾਲ-ਨਾਲ ਫੈਨਜ਼ ਦਾ ਦਿਲ ਜਿੱਤਦੀ ਨਜ਼ਰ ਆ ਰਹੀ ਹੈ। ਹੁਣ ਹਾਲ ਹੀ 'ਚ ਰਣਬੀਰ-ਆਲੀਆ ਆਪਣੀ ਧੀ ਨਾਲ ਨਵੇਂ ਘਰ ਦਾ ਨਿਰਮਾਣ ਕੰਮ ਦੇਖਣ ਗਏ , ਜਿੱਥੇ ਉਨ੍ਹਾਂ ਦੀਆਂ ਤਸਵੀਰਾਂ ਮੀਡੀਆ ਦੇ ਕੈਮਰਿਆਂ 'ਚ ਕੈਦ ਹੋ ਗਈਆਂ ਅਤੇ ਹੁਣ ਇੰਟਰਨੈੱਟ 'ਤੇ ਵਾਇਰਲ ਹੋ ਰਹੀਆਂ ਹਨ।ਸਾਹਮਣੇ ਆਈਆਂ ਤਸਵੀਰਾਂ 'ਚ ਦੇਖਿਆ ਜਾ ਸਕਦਾ ਹੈ ਕਿ ਆਲੀਆ ਆਪਣੀ ਸੱਸ ਨੀਤੂ ਕਪੂਰ, ਪਤੀ ਰਣਬੀਰ ਅਤੇ ਧੀ ਰਾਹਾ ਨਾਲ ਨਿਰਮਾਣ ਕਾਰਜ ਦੇਖਣ ਪੁੱਜੀ ਹੈ। ਇਸ ਦੌਰਾਨ ਰਾਹਾ ਕਦੇ ਆਪਣੇ ਪਿਤਾ ਦੀ ਗੋਦ 'ਚ ਤਾਂ ਕਦੇ ਮਾਂ ਦੀ ਗੋਦ 'ਚ ਕਿਊਟ ਨਜ਼ਰ ਆ ਰਹੀ ਹੈ।ਕਪੂਰ ਪਰਿਵਾਰ ਦੀ ਰਾਜਕੁਮਾਰੀ ਚਿੱਟੇ ਰੰਗ ਦਾ ਟੌਪ ਪਹਿਨ ਕੇ ਅਤੇ ਆਪਣੇ ਵਾਲਾਂ ਨੂੰ ਬੰਨ੍ਹ ਕੇ ਬਹੁਤ ਪਿਆਰੀ ਲੱਗ ਰਹੀ ਹੈ। ਇਸ ਦੌਰਾਨ ਉਸ ਦੇ ਚਿਹਰੇ ਦੇ ਹਾਵ-ਭਾਵ ਨਜ਼ਰ ਆ ਰਹੇ ਹਨ। ਆਲੀਆ ਭੱਟ ਆਫ-ਵਾਈਟ ਕ੍ਰੌਪ ਟਾਪ ਅਤੇ ਮੈਚਿੰਗ ਟਰਾਊਜ਼ਰ 'ਚ ਕੈਜ਼ੂਅਲ ਲੁੱਕ 'ਚ ਨਜ਼ਰ ਆ ਰਹੀ ਹੈ। ਜਦੋਂ ਕਿ ਰਣਬੀਰ ਸਫੇਦ ਹੁੱਡੀ ਦੇ ਨਾਲ ਬਲੈਕ ਸ਼ਾਰਟਸ 'ਚ ਨਜ਼ਰ ਆ ਰਹੇ ਹਨ। ਇਸ ਜੋੜੇ ਦੇ ਨਾਲ ਉਨ੍ਹਾਂ ਦੀ ਮਾਂ ਨੀਤੂ ਕਪੂਰ ਵੀ ਕੂਲ ਲੁੱਕ 'ਚ ਨਜ਼ਰ ਆ ਰਹੀ ਹੈ। ਕਪੂਰ ਪਰਿਵਾਰ ਦੀਆਂ ਇਨ੍ਹਾਂ ਤਸਵੀਰਾਂ ਨੂੰ ਫੈਨਜ਼ ਕਾਫੀ ਪਸੰਦ ਕਰ ਰਹੇ ਹਨ। ਕੰਮ ਦੀ ਗੱਲ ਕਰੀਏ ਤਾਂ ਆਲੀਆ ਭੱਟ ਜਲਦ ਹੀ ਐਕਸ਼ਨ ਥ੍ਰਿਲਰ ਫਿਲਮ 'ਜਿਗਰਾ' 'ਚ ਨਜ਼ਰ ਆਵੇਗੀ ਜੋ 11 ਅਕਤੂਬਰ ਨੂੰ ਰਿਲੀਜ਼ ਹੋਵੇਗੀ। ਦੂਜੇ ਪਾਸੇ ਰਣਬੀਰ ਕਪੂਰ ਇਨ੍ਹੀਂ ਦਿਨੀਂ ਆਪਣੀ ਆਉਣ ਵਾਲੀ ਫਿਲਮ 'ਰਾਮਾਇਣ' ਦੀ ਸ਼ੂਟਿੰਗ 'ਚ ਰੁੱਝੇ ਹੋਏ ਹਨ।

# ਪ੍ਰਸਿੱਧ ਅਦਾਕਾਰ ਨੂੰ ਸਮੁੰਦਰ 'ਚ ਸਰਫਿੰਗ ਦੌਰਾਨ ਕੱਟਿਆ ਸ਼ਾਰਕ ਨੇ, ਮੌਕੇ 'ਤੇ ਹੋਈ ਮੌਤ



ਜੌਨੀ ਡੇਪ ਦੀ ਫ਼ਿਲਮ 'ਪਾਇਰੇਟਸ ਆਫ ਦਿ ਕੈਰੇਬੀਅਨ' 'ਚ ਕੰਮ ਕਰ ਚੁੱਕੇ ਹਾਲੀਵੁੱਡ ਅਦਾਕਾਰ ਤਮਯੋ ਪੇਰੀ ਨੇ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ਾਰਕ ਦੇ ਹਮਲੇ ਕਾਰਨ ਅਦਾਕਾਰ ਦੀ ਮੌਤ ਹੋ ਗਈ ਹੈ। ਇੱਕ ਅਭਿਨੇਤਾ ਹੋਣ ਦੇ ਨਾਲ, Tamayo ਹਵਾਈ 'ਚ ਇੱਕ ਲਾਈਫਗਾਰਡ ਅਤੇ ਸਰਫਿੰਗ ਟ੍ਰੇਨਰ ਵੀ ਸੀ। ਅਦਾਕਾਰ ਦੀ ਮੌਤ ਨਾਲ ਫ਼ਿਲਮ ਇੰਡਸਟਰੀ 'ਚ ਸੋਗ ਦੀ ਲਹਿਰ ਦੌੜ ਗਈ ਹੈ। ਹੋਨੋਲੁਲੂ ਐਮਰਜੈਂਸੀ ਮੈਡੀਕਲ ਸਰਵਿਸਿਜ਼ ਨੇ ਤਾਮਾਯੋ ਪੇਰੀ ਦੀ ਦੁਖਦਾਈ ਮੌਤ ਦੀ ਖ਼ਬਰ ਦੀ ਪੁਸ਼ਟੀ ਕੀਤੀ ਹੈ।ਮੀਡੀਆ ਮੁਤਾਬਕ, ਤਾਮਾਯੋ 'ਤੇ ਹਵਾਈ ਦੇ ਓਆਹੂ ਨੇੜੇ ਬੱਕਰੀ ਆਈਲੈਂਡ ਨੇੜੇ ਸ਼ਾਰਕ ਨੇ ਹਮਲਾ ਕੀਤਾ ਸੀ। ਇੱਕ ਵਿਅਕਤੀ ਨੇ ਖ਼ੂਨ ਵਹਿ ਰਿਹਾ ਤਮਾਓ ਦੇਖਿਆ ਅਤੇ ਤੁਰੰਤ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ। ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਜੈੱਟ ਸਕਾਈ 'ਤੇ ਉਸ ਨੂੰ ਸਮੁੰਦਰ ਕਿਨਾਰੇ ਲੈ ਆਏ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ।ਰਿਪੋਰਟ ਮੁਤਾਬਕ, ਅਦਾਕਾਰ ਤਮਯੋ ਦੇ ਸਰੀਰ 'ਤੇ ਸ਼ਾਰਕ ਦੇ ਕੱਟਣ ਦੇ ਕਈ ਨਿਸ਼ਾਨ ਸਨ। ਤਾਮਾਯੋ ਦੀ ਮੌਤ ਤੋਂ ਬਾਅਦ ਸਮੁੰਦਰੀ ਸੁਰੱਖਿਆ ਅਧਿਕਾਰੀਆਂ ਨੇ ਖੇਤਰ 'ਚ ਸ਼ਾਰਕ ਚੇਤਾਵਨੀਆਂ ਤਾਇਨਾਤ ਕੀਤੀਆਂ। ਉਸ ਨੇ ਲਾਈਫਗਾਰਡ ਦੀ ਡਿਊਟੀ ਤੋਂ ਕੁਝ ਸਮੇਂ ਲਈ ਬ੍ਰੇਕ ਲਿਆ ਅਤੇ ਸਰਫਿੰਗ ਕਰਨ ਗਿਆ।

# ਗਾਇਕ ਦਿਲਜੀਤ ਦੋਸਾਂਝ ਨੂੰ ਫੈਨਜ਼ ਤੋਂ ਮਿਲੇ ਖ਼ਾਸ ਤੋਹਫ਼ੇ, ਸਾਹਮਣੇ ਆਈਆਂ ਤਸਵੀਰਾਂ






ਗਲੋਬਲ ਸਟਾਰ ਦਿਲਜੀਤ ਦੋਸਾਂਝ ਤੇ ਅਦਾਕਾਰਾ ਨੀਰੂ ਬਾਜਵਾ ਇੰਨੀਂ ਦਿਨੀਂ ਆਪਣੀ ਆਉਣ ਵਾਲੀ ਫ਼ਿਲਮ 'ਜੱਟ ਐਂਡ ਜੂਲੀਅਟ 3' ਨੂੰ ਲੈ ਕੇ ਹਰ ਪਾਸੇ ਛਾਏ ਹੋਏ ਹਨ। ਹਾਲ ਹੀ 'ਚ ਦਿਲਜੀਤ ਦੋਸਾਂਝ ਦੀਆਂ ਕੁਝ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਫੈਨਜ਼ ਦਿਲਜੀਤ ਨੂੰ ਤੋਹਫ਼ੇ 'ਚ ਖ਼ਾਸ ਚੀਜ਼ ਦਿੰਦੇ ਨਜ਼ਰ ਆ ਰਹੇ ਹਨ। ਦਰਅਸਲ, ਦਿਲਜੀਤ ਨੂੰ ਫੈਨਜ਼ ਵਲੋਂ ਉਨ੍ਹਾਂ ਦੀਆਂ ਕਈ ਤਸਵੀਰਾਂ ਤੋਹਫ਼ੇ 'ਚ ਦਿੱਤੀਆਂ ਗਈਆਂ, ਜਿਨ੍ਹਾਂ ਦੀਆਂ ਤਸਵੀਰਾਂ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀਆਂ ਕੀਤੀਆਂ ਹਨ। ਜੇਕਰ 'ਜੱਟ ਐਂਡ ਜੂਲੀਅਟ' ਫਰੈਂਚਾਇਜ਼ੀ ਦੀ ਗੱਲ ਕੀਤੀ ਜਾਵੇ ਤਾਂ ਇਸ ਦੀ ਆਖਰੀ ਫ਼ਿਲਮ ਯਾਨੀ 'ਜੱਟ ਐਂਡ ਜੂਲੀਅਟ 2' ਸਾਲ 2013 'ਚ ਰਿਲੀਜ਼ ਹੋਈ ਸੀ, ਯਾਨੀ ਕਿ 11 ਸਾਲਾਂ ਬਾਅਦ ਇਸ ਫਰੈਂਚਾਇਜ਼ੀ ਦਾ ਤੀਜਾ ਭਾਗ 'ਜੱਟ ਐਂਡ ਜੂਲੀਅਟ 3' ਰਿਲੀਜ਼ ਹੋਣ ਜਾ ਰਿਹਾ ਹੈ ਪਰ ਕਹਿੰਦੇ ਹਨ ਕਿ ਦੇਰ ਆਏ ਦਰੁਸਤ ਆਏ ਤੇ ਇਹੀ ਚੀਜ਼ 'ਜੱਟ ਐਂਡ ਜੂਲੀਅਟ 3' ਨਾਲ ਹੋਈ ਹੈ।ਦੱਸ ਦਈਏ ਕਿ ਫ਼ਿਲਮ ਦਾ ਟਰੇਲਰ ਸ਼ਾਨਦਾਰ ਹੈ, ਜਿਹੜਾ ਅੱਜ ਦੇ ਮਾਹੌਲ ਦੀ ਟੈਕਨਾਲੋਜੀ ਤੇ ਟੀਮ ਨਾਲ ਮਿਲ ਕੇ ਬਣਾਇਆ ਗਿਆ ਹੈ, ਜੋ ਦਰਸ਼ਕਾਂ ਨੂੰ ਸ਼ਾਨਦਾਰ ਕੁਆਲਿਟੀ ਦੇਣ ਦੀ ਗਾਰੰਟੀ ਦੇ ਰਿਹਾ ਹੈ। ਇਸ ਦੇ ਨਾਲ ਹੀ ਹਰ ਫ਼ਿਲਮ ਨਾਲ ਆਪਣੀ ਅਦਾਕਾਰੀ ਨੂੰ ਹੋਰ ਵੀ ਮਜ਼ਬੂਤ ਕਰ ਚੁੱਕੇ ਦਿਲਜੀਤ ਤੇ ਨੀਰੂ ਹਰ ਸੀਨ ਨੂੰ ਆਪਣੇ ਟੈਲੰਟ ਨਾਲ ਭਰ ਰਹੇ ਹਨ।ਫ਼ਿਲਮ 'ਚ ਪੁਰਾਣੇ ਕਿਰਦਾਰਾਂ ਦੇ ਨਾਲ-ਨਾਲ ਬਹੁਤ ਸਾਰੇ ਨਵੇਂ ਕਿਰਦਾਰ ਵੀ ਦੇਖਣ ਨੂੰ ਮਿਲਣ ਵਾਲੇ ਹਨ, ਖ਼ਾਸ ਕਰਕੇ ਲਹਿੰਦੇ ਪੰਜਾਬ ਦੇ ਨਾਸਿਰ ਚਿਨਓਟੀ ਤੇ ਅਕਰਮ ਉਦਾਸ, ਜਿਨ੍ਹਾਂ ਨੂੰ ਕਾਮੇਡੀ ਦੇ ਦਿੱਗਜ ਮੰਨਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ ਜੈਸਮੀਨ ਬਾਜਵਾ, ਰਾਣਾ ਰਣਬੀਰ, ਬੀ. ਐੱਨ. ਸ਼ਰਮਾ, ਗੁਰਮੀਤ ਸਾਜਨ ਤੇ ਸਤਵੰਤ ਕੌਰ ਵਰਗੇ ਕਲਾਕਾਰ ਆਪਣੀ ਅਦਾਕਾਰੀ ਦੇ ਜੌਹਰ ਦਿਖਾਉਣ ਵਾਲੇ ਹਨ।

ਫ਼ਿਲਮ ਦੇ ਲੇਖਕ ਤੇ ਡਾਇਰੈਕਟਰ ਜਗਦੀਪ ਸਿੱਧੂ ਹਨ, ਜੋ 'ਛੜਾ' ਫ਼ਿਲਮ 'ਚ ਦਿਲਜੀਤ ਤੇ ਨੀਰੂ ਨਾਲ ਪਹਿਲਾਂ ਵੀ ਕੰਮ ਕਰ ਚੁੱਕੇ ਹਨ। ਇਨ੍ਹਾਂ ਤਿੰਨਾਂ ਦੀ ਕੈਮਿਸਟਰੀ ਬਾਕਮਾਲ ਹੈ, ਜੋ 'ਛੜਾ' ਫ਼ਿਲਮ 'ਚ ਵੀ ਦੇਖਣ ਨੂੰ ਮਿਲੀ ਸੀ। ਉਥੇ ਜਗਦੀਪ ਸਿੱਧੂ ਪੰਜਾਬੀ ਫ਼ਿਲਮ ਜਗਤ ਨੂੰ ਸ਼ਾਨਦਾਰ ਫ਼ਿਲਮ ਦੇ ਚੁੱਕੇ ਹਨ, ਜਿਨ੍ਹਾਂ 'ਚ 'ਕਿਸਮਤ', 'ਨਿੱਕਾ ਜ਼ੈਲਦਾਰ' ਤੇ 'ਹਰਜੀਤਾ' ਸ਼ਾਮਲ ਹਨ। ਅਜਿਹੇ 'ਚ ਬਹੁਤ ਸਾਰੀਆਂ ਉਮੀਦਾਂ 'ਜੱਟ ਐਂਡ ਜੂਲੀਅਟ 3' ਫ਼ਿਲਮ ਨਾਲ ਜੁੜੀਆਂ ਹੋਈਆਂ ਹਨ। ਫ਼ਿਲਮ 27 ਜੂਨ, 2024 ਨੂੰ ਦੁਨੀਆ ਭਰ 'ਚ ਰਿਲੀਜ਼ ਹੋਣ ਜਾ ਰਹੀ ਹੈ, ਜੋ ਉਮੀਦ ਹੈ ਕਿ ਫ਼ਿਲਮੀ ਦਰਸ਼ਕਾਂ ਦੀਆਂ ਉਮੀਦਾਂ 'ਤੇ ਖ਼ਰੀ ਉਤਰੇਗੀ।

# 'METOO' ਦੇ ਦੋਸ਼ਾਂ 'ਤੇ ਬੋਲੇ ਨਾਨਾ ਪਾਟੇਕਰ ਤਾਂ ਭੜਕੀ ਤਨੁਸ਼੍ਰੀ ਦੱਤਾ

ਅਦਾਕਾਰਾ ਤਨੁਸ਼੍ਰੀ ਦੱਤਾ ਨੇ ਮਸ਼ਹੂਰ ਅਦਾਕਾਰ ਨਾਨਾ ਪਾਟੇਕਰ 'ਤੇ MeTooਦਾ ਦੋਸ਼ ਲਗਾ ਕੇ ਸੁਰਖੀਆਂ 'ਚ ਆ ਗਈ ਹੈ। ਅਦਾਕਾਰਾ ਨੇ ਦੋਸ਼ ਲਗਾਇਆ ਸੀ ਕਿ ਫ਼ਿਲਮ 'ਹਾਰਨ ਓਕੇ ਪਲੀਜ਼' ਦੇ ਸੈੱਟ 'ਤੇ ਅਦਾਕਾਰ ਨੇ ਉਸ ਨਾਲ ਦੁਰਵਿਹਾਰ ਕੀਤਾ ਹੈ। ਹਾਲ ਹੀ 'ਚ ਤਨੁਸ਼੍ਰੀ ਦੱਤਾ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ 2008 'ਚ ਫ਼ਿਲਮ 'ਹਾਰਨ ਓਕੇ ਪਲੀਜ਼' ਦੇ ਇਕ ਗੀਤ ਦੀ ਸ਼ੂਟਿੰਗ ਦੌਰਾਨ ਨਾਨਾ ਨੇ ਉਸ ਨਾਲ ਦੁਰਵਿਵਹਾਰ ਕੀਤਾ ਹੈ। ਹੁਣ ਇਕ ਇੰਟਰਵਿਊ ਦੌਰਾਨ ਨਾਨਾ ਇਨ੍ਹਾਂ ਬਿਆਨਾਂ 'ਤੇ ਖੁੱਲ੍ਹ ਕੇ ਗੱਲ ਕਰਦੇ ਨਜ਼ਰ ਆਏ। ਉਨ੍ਹਾਂ ਨੇ ਇਨ੍ਹਾਂ ਦੋਸ਼ਾਂ 'ਤੇ ਆਪਣੀ ਚੁੱਪੀ ਤੋੜਦਿਆਂ ਇਨ੍ਹਾਂ ਨੂੰ ਝੂਠਾ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਅਦਾਕਾਰ ਦੇ ਇਸ ਬਿਆਨ ਤੋਂ ਬਾਅਦ ਇਮਰਾਨ ਹਾਸ਼ਮੀ ਦੀ ਅਦਾਕਾਰਾ ਗੁੱਸੇ 'ਚ ਆ ਗਈ ਅਤੇ ਕਿਹਾ ਕਿ ਨਾਨਾ ਪਾਟੇਕਰ ਦੋਸ਼ਾਂ ਕਾਰਨ ਡਰੇ ਹੋਏ ਹਨ।


# ਮੈਕਸੀਕੋ ਡਰੱਗ ਤਸਕਰੀ ਲਈ ਸਾਬਕਾ ਵਕੀਲ ਨੂੰ ਸੁਣਾਈ ਗਈ 7 ਸਾਲ ਦੀ ਜੇਲ੍ਹ



ਨਿਆਂ ਵਿਭਾਗ ਨੇ ਸੋਮਵਾਰ ਨੂੰ ਇਸ ਦਾ ਐਲਾਨ ਕੀਤੀ ਕਿ ਮੈਕਸੀਕੋ ਦੇ ਇਕ ਸਾਬਕਾ ਅਟਾਰਨੀ ਨੂੰ ਮੈਥਾਮਫੇਟਾਮਾਈਨ ਸਮੇਤ ਨਸ਼ੀਲੇ ਪਦਾਰਥਾਂ ਨੂੰ ਵੰਡਣ ਦੀ ਸਾਜ਼ਿਸ਼ ਲਈ ਅਦਾਲਤ ਨੇ 7 ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਹੈ। ਏਜੰਟਾਂ ਨੇ ਮਾਰਚ 2023 'ਚ ਗੁਸਤਾਵੋ ਕਾਸਟੇਲਾਨੋਸ-ਟੈਪੀਆ ਨਾਮੀਂ ਸਾਬਕਾ ਵਕੀਲ ਅਤੇ 23 ਹੋਰ ਬਚਾਓ ਪੱਖਾਂ ਨੂੰ ਗ੍ਰਿਫ਼ਤਾਰ ਕਰਨ ਵੇਲੇ ਮੇਥਾਮਫੇਟਾਮਾਈਨ, ਕੋਕੀਨ, ਨਕਦੀ ਅਤੇ ਹਥਿਆਰ ਜ਼ਬਤ ਕੀਤੇ ਸਨ। ਗੁਸਤਾਵੋ ਕੈਸਟੇਲਾਨੋਸ-ਟਪੀਆ (38) ਨੂੰ ਸ਼ੁੱਕਰਵਾਰ ਨੂੰ ਟਾਕੋਮਾ, ਵਾਸ਼ਿੰਗਟਨ 'ਚ 90 ਮਹੀਨਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਉਹ ਕਾਨੂੰਨੀ ਤੌਰ 'ਤੇ ਸੰਯੁਕਤ ਰਾਜ 'ਚ ਮੌਜੂਦ ਨਹੀਂ ਸੀ ਅਤੇ ਸੰਭਾਵਤ ਤੌਰ 'ਤੇ ਉਸ ਦੀ ਜੇਲ੍ਹ ਦੀ ਸਜ਼ਾ ਤੋਂ ਬਾਅਦ ਉਸ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇਗਾ। ਕਾਸਟੇਲਾਨੋਸ-ਟੈਪੀਆ ਦੀ ਪਛਾਣ ਪਿਛਲੇ ਸਾਲ ਕਾਨੂੰਨ ਲਾਗੂ ਕਰਨ ਵਾਲੇ ਇਕ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੀ ਸੰਸਥਾ ਨੂੰ ਮੈਥਾਮਫੇਟਾਮਾਈਨ ਦੇ ਇਕ ਵੱਡੇ ਸਪਲਾਇਰ ਵਜੋਂ ਕੀਤੀ ਗਈ ਸੀ ਜੋ ਆਰੀਅਨ ਪਰਿਵਾਰ ਵਜੋਂ ਜਾਣੇ ਜਾਂਦੇ ਜੇਲ੍ਹ ਗਿਰੋਹ ਨਾਲ ਸਬੰਧ ਰੱਖਦਾ ਹੈ।

ਅਦਾਲਤੀ ਦਸਤਾਵੇਜ਼ਾਂ ਦੇ ਅਨੁਸਾਰ, ਕੈਸਟੇਲਾਨੋਸ-ਟਪੀਆ ਇਕ ਡਰੱਗ ਉਪਭੋਗਤਾ ਨਹੀਂ ਸੀ। ਉਸ ਨੇ ਪਹਿਲਾਂ ਮੈਕਸੀਕੋ 'ਚ ਇਕ ਵਕੀਲ ਵਜੋਂ ਕੰਮ ਕੀਤਾ ਸੀ ਅਤੇ 2020 'ਚ ਕੋਵਿਡ-19 ਮਹਾਮਾਰੀ ਦੇ ਦੌਰਾਨ ਸੰਯੁਕਤ ਰਾਜ ਅਮਰੀਕਾ ਆਇਆ ਸੀ। ਕੈਸਟੇਲਾਨੋਸਟੈਪੂਆਂ ਨੇ ਕਿਹਾ ਕਿ ਉਸ ਨੇ ਆਰਥਿਕਤਾ ਦੇ ਰੁਕਣ ਤੋਂ ਬਾਅਦ ਆਪਣੀ ਆਮਦਨ ਵਧਾਉਣ ਲਈ ਨਸ਼ਿਆਂ ਦਾ ਕਾਰੋਬਾਰ ਕਰਨ ਤੋਂ ਪਹਿਲਾਂ ਇਕ ਕਿਸ਼ਤੀ ਚਿੱਤਰਕਾਰ ਵਜੋਂ ਕੰਮ ਕੀਤਾ। ਕੈਸਟੇਲਾਨੋਜ ਟੈਪੀਆ 23 ਹੋਰ ਬਚਾਓ ਪੱਖਾਂ ਨੂੰ ਮਾਰਚ 2023 'ਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਏਜੰਟਾਂ ਨੇ ਉਸ ਪਾਸੋਂ ਅੰਦਾਜ਼ਨ 255 ਪੌਂਡ ਮੈਥਾਮਫੇਟਾਮਾਈਨ, 830,000 ਫੈਂਟਾਨਾਇਲ ਦੀਆਂ ਗੋਲੀਆਂ, 26 ਪੌਂਡ ਤੋਂ ਵੱਧ ਫੈਂਟਾਨਾਇਲ ਪਾਊਡਰ, ਕੋਕੀਨ ਹੈਰੋਇਨ ਜਿੰਨਾਂ ਦੀ ਬਜ਼ਾਰੀ ਕੀਮਤ 668,000 ਹਜ਼ਾਰ ਡਾਲਰ ਦੇ ਕਰੀਬ ਹੈ। ਸ਼ੱਕੀ ਨਸ਼ੀਲੇ ਪਦਾਰਥਾਂ ਤੋਂ ਇਲਾਵਾ ਬੰਦੂਕਾਂ ਜ਼ਬਤ ਕੀਤੀਆਂ ਸਨ। ਦੱਸਣਯੋਗ ਹੈ ਕਿ ਅਮਰੀਕਾ ਦੇ ਵਾਸ਼ਿੰਗਟਨ ਰਾਜ 'ਚ 2023 'ਚ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ 'ਚ 27% ਤੋਂ ਵੱਧ ਵਾਧਾ ਦੇਖਣ ਤੋਂ ਬਾਅਦ ਵਕੀਲਾਂ ਨੇ ਕੈਸਟੇਲਾਨੋਸ ਟੈਪੀਆ ਲਈ 9 ਸਾਲ ਦੀ ਕੈਦ ਦੀ ਸਜ਼ਾ ਦੀ ਅਦਾਲਤ ਨੂੰ ਬੇਨਤੀ ਕੀਤੀ ਸੀ। ਵਕੀਲਾਂ ਨੇ ਲਿਖਿਆ,"ਕੈਸਟੇਲਾਨੋਸ ਟੈਪੀਆ ਦੁਆਰਾ ਵੰਡੇ ਗਏ ਮੈਥਾਮਫੇਟਾਮਾਈਨ ਵਰਗੀਆਂ ਦਵਾਈਆਂ ਦਾ ਸਮਾਜ 'ਤੇ ਵਿਨਾਸ਼ਕਾਰੀ ਪ੍ਰਭਾਵ ਪੈਂਦਾ ਹੈ।

# ਯੂਰਪੀਅਨ ਯੂਨੀਅਨ ’ਚ ਸ਼ਾਮਲ ਹੋਣ ਲਈ ਛੋਟ ਦੀ ਮੰਗ ਨਹੀਂ ਕਰੇਗਾ ਯੂਕ੍ਰੇਨ



ਯੂਰਪੀਅਨ ਯੂਨੀਅਨ ਵੱਲੋਂ ਇਸ ਹਫ਼ਤੇ ਯੂਕ੍ਰੇਨ ਨੂੰ ਦਾਖਲਾ ਦੇਣ ਲਈ ਰਸਮੀ ਤੌਰ ’ਤੇ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋਣ ਤੋਂ ਬਾਅਦ ਯੂਕ੍ਰੇਨ ਪੱਛਮ ਨਾਲ ਏਕੀਕਰਨ ਦੇ ਮਾਰਗ ’ਤੇ ‘ਅਟੱਲ’ ਹੈ।ਯੂਰੋਪੀਅਨ ਅਤੇ ਯੂਰੋ-ਐਟਲਾਂਟਿਕ ਏਕੀਕਰਨ ਦੀ ਉਪ ਪ੍ਰਧਾਨ ਮੰਤਰੀ ਓਲਗਾ ਸਟੇਫਨੀਸ਼ਿਨਾ ਨੇ ਇਹ ਗੱਲ ਕਹੀ। ਓਲਗਾ ਨੇ ਕਿਹਾ ਕਿ ਯੂਕ੍ਰੇਨ ਵਿਸ਼ੇਸ਼ ਵਿਵਹਾਰ ਦੀ ਮੰਗ ਨਹੀਂ ਕਰ ਰਿਹਾ ਹੈ। ਯੂਕ੍ਰੇਨ ਬਿਨਾਂ ਕਿਸੇ ਰਿਆਇਤ ਦੀ ਮੰਗ ਕੀਤੇ ਅਤੇ ਛੋਟ ਬਿਨਾਂ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।

# ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਚ ਵਿਰਾਟ ਕੋਹਲੀ ਦੀ ਲਾਈਫਸਾਈਜ਼ ਮੂਰਤੀ ਦਾ ਕੀਤਾ ਗਿਆ ਉਦਘਾਟਨ



ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਵਿਰਾਟ ਕੋਹਲੀ ਦੀ ਲਾਈਫਸਾਈਜ਼ ਮੂਰਤੀ ਦਾ ਉਦਘਾਟਨ ਕੀਤਾ ਗਿਆ, ਚੱਲ ਰਹੇ ਟੀ-20 ਵਿਸ਼ਵ ਕੱਪ 2024 'ਚ ਵਿਰਾਟ ਕੋਹਲੀ ਦੇ ਨਾਂ ਦੀ ਚਰਚਾ ਵੈਸਟਇੰਡੀਜ਼ ਦੇ ਨਾਲ-ਨਾਲ ਟੂਰਨਾਮੈਂਟ ਦੇ ਸਹਿ ਮੇਜ਼ਬਾਨ ਅਮਰੀਕਾ 'ਚ ਵੀ ਹੋ ਰਹੀ ਹੈ। ਟੀਮ ਇੰਡੀਆ ਦੇ ਸਟਾਰ ਬੱਲੇਬਾਜ਼ ਵਿਰਾਟ ਕੋਹਲੀ ਮੌਜੂਦਾ ਟੀ-20 ਵਿਸ਼ਵ ਕੱਪ 2024 ਵਿੱਚ ਭਾਰਤੀ ਟੀਮ ਦਾ ਹਿੱਸਾ ਹੈ। ਕੋਹਲੀ ਦੁਨੀਆ ਦੇ ਸਭ ਤੋਂ ਮਸ਼ਹੂਰ ਐਥਲੀਟਾਂ ਵਿੱਚੋਂ ਇੱਕ ਵੀ ਹੈ ।ਅਤੇ ਪਿਛਲੇ ਡੇਢ ਦਹਾਕੇ ਤੋਂ ਕ੍ਰਿਕਟ ਜਗਤ 'ਤੇ ਦਬਦਬਾ ਬਣਾ ਰਿਹਾ ਹੈ। ਸਾਬਕਾ ਭਾਰਤੀ ਕਪਤਾਨ ਨੂੰ ਉਸ ਦੀ ਨਿਰੰਤਰਤਾ ਅਤੇ ਸਾਲਾਂ ਦੌਰਾਨ ਆਪਣੇ ਨਾਮ 'ਤੇ ਰਿਕਾਰਡਾਂ ਦੀ ਬਹੁਤਾਤ ਲਈ ਅਕਸਰ 'ਕਿੰਗ' ਵੀ ਕਿਹਾ ਜਾਂਦਾ ਹੈ।ਟੀ-20 ਵਿਸ਼ਵ ਕੱਪ 2024 ਤੋਂ ਪਹਿਲਾਂ, ਵਿਰਾਟ ਕੋਹਲੀ ਦੇ ਨਾਂ ਦੀ ਚਰਚਾ ਅਮਰੀਕਾ, ਵੈਸਟਇੰਡੀਜ਼ ਦੇ ਨਾਲ-ਨਾਲ ਟੂਰਨਾਮੈਂਟ ਦੇ ਸਹਿ ਮੇਜ਼ਬਾਨ ਅਮਰੀਕਾ ਵਿੱਚ ਵੀਹੋ ਰਹੀ ਹੈ। ਕਿਉਂਕਿ ਵਿਰਾਟ ਕੋਹਲੀ ਇੱਕ ਗਲੋਬਲ ਕ੍ਰਿਕੇਟ ਆਈਕਨ ਹੈ, ਸੰਯੁਕਤ ਰਾਜ ਅਮਰੀਕਾ ਵਿੱਚ ਵੱਕਾਰੀ ਟੂਰਨਾਮੈਂਟ ਲਈ ਉਤਸ਼ਾਹ ਨੂੰ ਵਧਾਉਣ ਲਈ ਕਈ ਪ੍ਰਚਾਰ ਮੁਹਿੰਮਾਂ ਵਿੱਚ ਉਸ ਦੇ ਨਾਮ ਦੀ ਵਰਤੋਂ ਕੀਤੀ ਗਈ ਸੀ।ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਵਿੱਚ, ਵਿਰਾਟ ਕੋਹਲੀ ਦੀ ਲਾਈਫਜ਼ੀ ਮੂਰਤੀ ਨੂੰ ਅਮਰੀਕਾ ਦੀ ਵਿੱਤੀ ਰਾਜਧਾਨੀ ਵਿੱਚ ਵਿਅਸਤ ਆਈਕੋਨਿਕ ਟਾਈਮਜ਼ ਸਕੁਆਇਰ ਨਿਊਯਾਰਕ ਦੇ ਵਿਚਕਾਰ ਉਸਦੇ ਬੱਲੇ ਨਾਲ ਖੜ੍ਹਾ ਦੇਖਿਆ ਜਾ ਸਕਦਾ ਹੈ।ਜੀਵਨ ਤੋਂ ਵੱਡੀ ਮੂਰਤੀ ਇੱਕ ਗੱਦਿਆਂ ਦੀ ਕੰਪਨੀ ਦੁਆਰਾ ਪ੍ਰਚਾਰ ਮੁਹਿੰਮ ਦਾ ਹਿੱਸਾ ਹੈ, ਜਿਸ ਨਾਲ ਵਿਰਾਟ ਕੋਹਲੀ ਬ੍ਰਾਂਡ ਅੰਬੈਸਡਰ ਵਜੋਂ ਜੁੜੇ ਹੋਏ ਹਨ। ਮੂਰਤੀ ਨੂੰ ਉਨ੍ਹਾਂ ਦੇ ਗੱਦਿਆਂ ਦੁਆਰਾ ਪ੍ਰਦਾਨ ਕੀਤੇ ਗਏ ਆਰਾਮ ਅਤੇ ਆਰਾਮ ਨੂੰ ਉਜਾਗਰ ਕਰਨ ਲਈ ਬਣਾਇਆ ਗਿਆ ਸੀ, ਜੋ ਕਿ ਕੋਹਲੀ ਦੀ ਗੁਣਵੱਤਾ ਵਾਲੀ ਨੀਂਦ ਦੇ ਸਮਰਥਨ ਦਾ ਪ੍ਰਤੀਕ ਹੈ। ਅਤੇ ਇਹ ਵੀਡੀਓ ਇਸ ਗੱਦਿਆ ਦੀ ਕੰਪਨੀ ਨੇ ਸ਼ੇਅਰ ਕੀਤੀ ਸੀ।

# ਅਮਰੀਕਾ 'ਚ ਭਾਰਤੀ ਨਾਗਰਿਕ ਦੀ ਹੱਤਿਆ ਦੇ ਮਾਮਲੇ 'ਚ ਪੁਲਸ ਨੇ ਇੱਕ ਵਿਅਕਤੀ ਨੂੰ ਕੀਤਾ ਗ੍ਰਿਫ਼ਤਾਰ




ਅਮਰੀਕਾ ਦੇ ਟੈਕਸਾਸ ਸੂਬੇ ਵਿਚ ਪੁਲਸ ਨੇ ਡਲਾਸ ਵਿਚ ਇਕ ਰਿਟੇਲ ਸਟੋਰ ਵਿਚ ਲੁੱਟ ਦੌਰਾਨ 32 ਸਾਲਾ ਭਾਰਤੀ ਨਾਗਰਿਕ ਦੀ ਹੱਤਿਆ ਦੇ ਮਾਮਲੇ ਵਿਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਦਾਸਰੀ ਗੋਪੀਕ੍ਰਿਸ਼ਨ ਦੀ 21 ਜੂਨ ਨੂੰ ਡੱਲਾਸ ਦੇ ਪਲੇਜ਼ੈਂਟ ਗਰੋਵ ਵਿੱਚ ਇੱਕ ਰਿਟੇਲ ਸਟੋਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਆਂਧਰਾ ਪ੍ਰਦੇਸ਼ ਦੇ ਬਾਪਟਲਾ ਜ਼ਿਲ੍ਹੇ ਦੇ ਪਿੰਡ ਯਾਜਲੀ ਦਾ ਰਹਿਣ ਵਾਲਾ ਗੋਪੀਕ੍ਰਿਸ਼ਨ ਅੱਠ ਮਹੀਨੇ ਪਹਿਲਾਂ ਅਮਰੀਕਾ ਆਇਆ ਸੀ।

ਪੁਲਸ ਨੇ ਗੋਪੀਕ੍ਰਿਸ਼ਨ ਦੇ ਕਤਲ ਦੇ ਦੋਸ਼ ਵਿੱਚ 21 ਸਾਲਾ ਡੇਵੌਂਟਾ ਮੈਥਿਸ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਗੋਪੀਕ੍ਰਿਸ਼ਨ ਨੂੰ ਗੋਲੀ ਮਾਰਨ ਦਾ ਦੋਸ਼ ਹੈ। ਪੁਲਸ ਨੇ ਦੱਸਿਆ ਕਿ ਲੁੱਟ ਦੌਰਾਨ ਮੈਥਿਸ ਦੁਕਾਨ 'ਚ ਦਾਖਲ ਹੋਇਆ ਅਤੇ ਕਾਊਂਟਰ 'ਤੇ ਪਹੁੰਚ ਕੇ ਗੋਪੀਕ੍ਰਿਸ਼ਨ ਨੂੰ ਗੋਲੀ ਮਾਰ ਦਿੱਤੀ। ਉਸ ਨੇ ਭੱਜਣ ਤੋਂ ਪਹਿਲਾਂ ਸਾਮਾਨ ਲੁੱਟ ਲਿਆ। ਗੋਪੀਕ੍ਰਿਸ਼ਨ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿਚ ਉਸ ਦੀ ਮੌਤ ਹੋ ਗਈ। ਮੈਥਿਸ ਨੂੰ ਡਕੈਤੀ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਪਰ ਗੋਪੀਕ੍ਰਿਸ਼ਨ ਦੀ ਮੌਤ ਕਾਰਨ ਕਤਲ ਦਾ ਦੋਸ਼ ਲਗਾਇਆ ਗਿਆ ਹੈ।

ਮੈਥਿਸ 'ਤੇ 20 ਜੂਨ ਨੂੰ ਡਾਊਨਟਾਊਨ ਵਾਕੋ ਵਿੱਚ ਇੱਕ ਘਾਤਕ ਗੋਲੀਬਾਰੀ ਦਾ ਵੀ ਦੋਸ਼ ਹੈ। ਉਸ ਨੇ 60 ਸਾਲਾ ਮੁਹੰਮਦ ਹੁਸੈਨ ਨੂੰ ਕਈ ਵਾਰ ਗੋਲੀਆਂ ਮਾਰੀਆਂ, ਜਿਸ ਦੀ ਹਸਪਤਾਲ ਵਿਚ ਮੌਤ ਹੋ ਗਈ। ਇਸ ਦੌਰਾਨ ਅਧਿਕਾਰੀਆਂ ਨੇ ਦੱਸਿਆ ਕਿ ਭਾਰਤੀ ਕੌਂਸਲੇਟ ਗੋਪੀਕ੍ਰਿਸ਼ਨ ਦੀ ਦੇਹ ਨੂੰ ਭਾਰਤ ਲਿਆਉਣ ਦੀ ਪ੍ਰਕਿਰਿਆ ਨੂੰ ਅੰਤਿਮ ਰੂਪ ਦੇ ਰਿਹਾ ਹੈ।

# ਕੈਨੇਡਾ 'ਚ ਭਾਰਤੀ ਮਿਸ਼ਨ ਨੇ ਕਨਿਸ਼ਕ ਬੰਬ ਧਮਾਕੇ ਦੀ 39ਵੀਂ ਬਰਸੀ ਮਨਾਈ



ਕੈਨੇਡਾ ਦੀ ਰਾਜਧਾਨੀ ਓਟਾਵਾ ਅਤੇ ਟੋਰਾਂਟੋ ਸ਼ਹਿਰ 'ਚ ਭਾਰਤੀ ਮਿਸ਼ਨ ਨੇ ਐਤਵਾਰ ਨੂੰ 1985 ਦੇ ਕਨਿਸ਼ਕ ਬੰਬ ਧਮਾਕੇ ਦੀ 39ਵੀਂ ਬਰਸੀ ਮਨਾਈ। ਇਸ ਘਟਨਾ 'ਚ ਏਅਰ ਇੰਡੀਆ ਦੇ ਜਹਾਜ਼ 'ਚ ਸਵਾਰ 86 ਬੱਚਿਆਂ ਸਮੇਤ 329 ਲੋਕਾਂ ਦੀ ਮੌਤ ਹੋ ਗਈ ਸੀ। ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਘਟਨਾ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ। ਵਰਮਾ ਨੇ ਸ਼ਰਧਾਂਜਲੀ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ,''ਦੁਨੀਆ ਦੀ ਕਿਸੇ ਵੀ ਸਰਕਾਰ ਨੂੰ ਰਾਜਨੀਤਕ ਲਾਭ ਲਈ ਆਪਣੇ ਖੇਤਰਾਂ ਤੋਂ ਪੈਦਾ ਹੋਣ ਵਾਲੇ ਅੱਤਵਾਦ ਦੇ ਖ਼ਤਰੇ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ। ਮਨੁੱਖੀ ਜੀਵਨ ਸਿਆਸੀ ਹਿੱਤਾਂ ਤੋਂ ਕਿਤੇ ਵੱਧ ਮਹੱਤਵਪੂਰਨ ਹੈ। ਇਸ ਤੋਂ ਪਹਿਲੇ ਕਿ ਅੱਤਵਾਦੀ ਗਤੀਵਿਧੀਆਂ ਵੱਡੇ ਪੈਮਾਨੇ 'ਤੇ ਮਨੁੱਖਤਾ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰੇ, ਇਨ੍ਹਾਂ ਖ਼ਿਲਾਫ਼ ਮਿਸਾਲੀ ਕਾਨੂੰਨ ਅਤੇ ਸਮਾਜਿਕ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਰਕਾਰਾਂ, ਸੁਰੱਖਿਆ ਏਜੰਸੀਆਂ ਅਤੇ ਕੌਮਾਂਤਰੀ ਸੰਗਠਨਾਂ ਨੂੰ ਅੱਤਵਾਦੀ ਨੈੱਟਵਰਕ ਨੂੰ ਨਸ਼ਟ ਕਰਨ, ਉਨ੍ਹਾਂ ਦੇ ਵਿੱਤ ਪੋਸ਼ਣ ਨੂੰ ਰੋਕਣ ਅਤੇ ਉਨ੍ਹਾਂ ਦੀ ਵਿਕ੍ਰਿਤ ਵਿਚਾਰਧਾਰਾਵਾਂ ਦਾ ਮੁਕਾਬਲਾ ਕਰਨ ਲਈ ਮਿਲ ਕੇ ਕੰਮ ਕਰਨਾ ਚਾਹੀਦਾ।''ਇਸ ਤੋਂ ਪਹਿਲੇ ਟੋਰਾਂਟੋ 'ਚ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਨੇ 'ਐਕਸ' 'ਤੇ ਲਿਖਿਆ,''ਕੌਂਸਲੇਟ ਜਨਰਲ ਸਿਧਾਰਥ ਨਾਥ ਨੇ 39 ਸਾਲ ਪਹਿਲੇ ਇਸੇ ਦਿਨ ਏ.ਆਈ. 182 'ਚ ਹੋਏ ਬੰਬ ਧਮਾਕੇ 'ਚ ਜਾਨ ਗੁਆਉਣ ਵਾਲੇ 329 ਲੋਕਾਂ ਦੀ ਯਾਦ 'ਚ ਏਅਰ ਇੰਡੀਆ 182 ਸਮਾਰਕ, ਹੰਬਰ ਪਾਰਕ, ਏਟੋਬਿਕੋਕ 'ਤੇ ਫੁੱਲ ਭੇਟ ਕੀਤੇ।'ਮਾਂਟਰੀਅਲ-ਨਵੀਂ ਦਿੱਲੀ ਏਅਰ ਇੰਡੀਆ 'ਕਨਿਸ਼ਕ' ਉਡਾਣ ਸੰਖਿਆ-182 'ਚ 23 ਜੂਨ 1985 ਨੂੰ ਲੰਡਨ ਦੇ ਹੀਥ੍ਰੋ ਹਵਾਈ ਅੱਡੇ 'ਤੇ ਉਤਰਨ ਤੋਂ 45 ਮਿੰਟ ਪਹਿਲੇ ਧਮਾਕਾ ਹੋ ਗਿਆ,

# ਯੂਰਪੀਅਨ ਯੂਨੀਅਨ ’ਚ ਸ਼ਾਮਲ ਹੋਣ ਲਈ ਛੋਟ ਦੀ ਮੰਗ ਨਹੀਂ ਕਰੇਗਾ ਯੂਕ੍ਰੇਨ



ਚੀਨ ਦਾ ਚਾਂਗ'ਏ 6 ਪੁਲਾੜ ਯਾਨ ਪਹਿਲੀ ਵਾਰ ਚੰਦਰਮਾ ਦੇ ਸੁਦੂਰ ਖੇਤਰ ਤੋਂ ਚੱਟਾਨ ਅਤੇ ਮਿੱਟੀ ਦੇ ਨਮੂਨੇ ਇਕੱਠੇ ਕਰਨ ਤੋਂ ਬਾਅਦ ਮੰਗਲਵਾਰ ਨੂੰ ਧਰਤੀ 'ਤੇ ਵਾਪਸ ਆਇਆ। ਇਹ ਪੁਲਾੜ ਯਾਨ ਮੰਗਲਵਾਰ ਦੁਪਹਿਰ ਨੂੰ ਉੱਤਰੀ ਚੀਨ 'ਚ ਉਤਰਿਆ। ਚੀਨੀ ਵਿਗਿਆਨੀਆਂ ਦਾ ਅਨੁਮਾਨ ਹੈ ਕਿ ਧਰਤੀ 'ਤੇ ਲਿਆਂਦੇ ਗਏ ਨਮੂਨਿਆਂ 'ਚ 25 ਲੱਖ ਸਾਲ ਪੁਰਾਣੀ ਜਵਾਲਾਮੁਖੀ ਚੱਟਾਨ ਅਤੇ ਹੋਰ ਸਮੱਗਰੀ ਸ਼ਾਮਲ ਹੈ।

ਵਿਗਿਆਨੀਆਂ ਨੂੰ ਉਮੀਦ ਹੈ ਕਿ ਇਸ ਨਾਲ ਚੰਦਰਮਾ ਦੇ ਦੋਵੇਂ ਛੋਰਾਂ 'ਤੇ ਭੂਗੋਲਿਕ ਅੰਤਰ ਬਾਰੇ ਸਵਾਲਾਂ ਦੇ ਜਵਾਬ ਮਿਲ ਜਾਣਗੇ। ਇਹ ਪੁਲਾੜ ਯਾਨ 3 ਮਈ ਨੂੰ ਧਰਤੀ ਤੋਂ ਰਵਾਨਾ ਹੋਇਆ ਸੀ ਅਤੇ ਇਸ ਦੀ ਯਾਤਰਾ 53 ਦਿਨ ਦੀ ਰਹੀ। ਇਸ ਯਾਨ ਨੇ ਚੰਦਰਮਾ ਦੀ ਸਤਿਹ ਤੋਂ ਚੱਟਾਨਾਂ ਨੂੰ ਇਕੱਠਾ ਕੀਤਾ।

# ਭਾਰਤੀ ਵਿਦਿਆਰਥੀਆਂ ਨੂੰ ਝਟਕਾ, ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਟਰੂਡੋ ਨੇ ਬਦਲੇ ਨਿਯਮ



ਕੈਨੇਡਾ 'ਚ ਐਂਟਰੀ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ (PGWP) ਹੁਣ ਪ੍ਰਭਾਵੀ ਨਹੀਂ ਹੋਵੇਗਾ। ਕੈਨੇਡਾ ਸਰਕਾਰ ਨੇ PDWP ਰਾਹੀਂ ਵਿਦੇਸ਼ੀ ਨਾਗਰਿਕਾਂ ਦੇ ਦਾਖ਼ਲੇ 'ਤੇ ਰੋਕ ਲਗਾ ਦਿੱਤੀ ਹੈ। ਵਿਦੇਸ਼ੀ ਰਾਸ਼ਟਰੀ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਲਈ ਅਰਜ਼ੀਆਂ 21 ਜੂਨ, 2024 ਤੋਂ ਬਾਅਦ ਬੰਦ ਕਰ ਦਿੱਤੀਆਂ ਗਈਆਂ ਹਨ। ਕੈਨੇਡਾ ਸਰਕਾਰ ਨੇ ਬਾਰਡਰ ਸਰਵਿਸਿਜ਼ ਅਫਸਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਕੈਨੇਡਾ ਵਿਚ ਦਾਖ਼ਲੇ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਦੀਆਂ ਅਰਜ਼ੀਆਂ 'ਤੇ ਵਿਚਾਰ ਨਾ ਕਰਨ। ਕੈਨੇਡਾ ਸਰਕਾਰ ਦੇ ਇਕ ਬਿਆਨ ਅਨੁਸਾਰ, ਵਿਦੇਸ਼ੀ ਨਾਗਰਿਕ ਹੁਣ ਸਰਹੱਦ 'ਤੇ ਪੋਸਟ ਗ੍ਰੈਜੂਏਸ਼ਨ ਵਰਕ ਪਰਮਿਟ ਲਈ ਅਰਜ਼ੀ ਨਹੀਂ ਦੇ ਸਕਦੇ ਹਨ। ਇਹ ਫੈਸਲਾ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

ਫਾਈਨੈਂਸ਼ੀਅਲ ਐਕਸਪ੍ਰੈੱਸ ਦੇ ਅਨੁਸਾਰ, ਬਿਨੈਕਾਰ ਕੈਨੇਡਾ ਦੇ ਅੰਦਰੋਂ PGWP ਲਈ ਅਰਜ਼ੀ ਦੇ ਸਕਦੇ ਹਨ ਜੇਕਰ ਉਨ੍ਹਾਂ ਦੇ ਅਧਿਐਨ ਪਰਮਿਟ ਦੀ ਮਿਆਦ ਖ਼ਤਮ ਨਹੀਂ ਹੋਈ ਹੈ। ਜੋ ਬਿਨੈਕਾਰ ਆਪਣੇ ਅਧਿਐਨ ਪਰਮਿਟ ਦੇ ਵੈਧ ਰਹਿਣ ਦੌਰਾਨ ਆਪਣੇ ਵਰਕ ਪਰਮਿਟ ਅਪਲਾਈ ਕਰਦੇ ਹਨ, ਉਨ੍ਹਾਂ ਨੂੰ ਵਰਕ ਪਰਮਿਟ ਅਰਜ਼ੀ 'ਤੇ ਫ਼ੈਸਲਾ ਆਉਣ ਤੱਕ ਬਿਨਾਂ ਪਰਮਿਟ ਦੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਕਿਸੇ ਵਿਦੇਸ਼ੀ ਨਾਗਰਿਕ 'ਤੇ ਆਪਣੇ ਅਧਿਐਨ ਪਰਮਿਟ ਨੂੰ ਵਧਾਉਣ ਲਈ ਅਰਜ਼ੀ ਪੇਸ਼ ਕੀਤੀ ਹੈ ਅਤੇ ਉਹ ਅਧਿਐਨ ਕਰ ਰਹੇ ਹਨ ਤਾਂ ਇਹ ਨਿਯਮ ਉਨ੍ਹਾਂ 'ਤੇ ਲਾਗੂ ਨਹੀਂ ਹੁੰਦਾ, ਉਨ੍ਹਾਂ ਨੂੰ ਯੋਗ ਹੋਣ ਲਈ ਆਪਣਾ ਨਵਾਂ ਅਧਿਐਨ ਪਰਮਿਟ ਪ੍ਰਾਪਤ ਹੋਣ ਤੱਕ ਉਡੀਕ ਕਰਨੀ ਹੋਵੇਗੀ। ਬਿਨੈਕਾਰ ਜਿਨ੍ਹਾਂ ਦਾ ਅਧਿਐਨ ਪਰਮਿਟ ਅਵੈਧ ਹੋ ਜਾਂਦਾ ਹੈ ਜਾਂ ਵਰਕ ਪਰਮਿਟ ਲਈ ਅਰਜ਼ੀ ਦੇਣ ਤੋਂ ਪਹਿਲਾਂ ਮਿਆਦ ਖ਼ਤਮ ਹੋ ਜਾਂਦੀ ਹੈ, ਉਹ ਕੈਨੇਡਾ ਤੋਂ ਅਰਜ਼ੀ ਦੇਣ ਦੇ ਯੋਗ ਨਹੀਂ ਹੋਣਗੇ।

ਕੀ ਹੈ ਕੈਨੇਡਾ ਦਾ ਵਰਕ ਪਰਮਿਟ


ਜਿਨ੍ਹਾਂ ਬਿਨੈਕਾਰਾਂ ਕੋਲ ਕੈਨੇਡਾ 'ਚ ਵਰਕ ਪਰਮਿਟ ਲਈ ਅਰਜ਼ੀ ਦੇਣ ਦੀ ਯੋਗਤਾ ਨਹੀਂ ਹੈ, ਉਹ ਕੈਨੇਡਾ ਤੋਂ ਬਾਹਰ ਪ੍ਰਕਿਰਿਆ ਲਈ ਆਪਣੀ ਅਰਜ਼ੀ ਇਲੈਕਟ੍ਰਾਨਿਕ ਰੂਪ 'ਚ ਜਮ੍ਹਾਂ ਕਰ ਸਕਦੇ ਹਨ। ਬਿਨੈਕਾਰ ਇਲੈਕਟ੍ਰਾਨਿਕ ਰੂਪ 'ਚ ਅਰਜ਼ੀ ਜਮ੍ਹਾਂ ਕਰ ਸਕਦੇ ਹਨ ਜੇਕਰ ਉਹ ਕੈਨੇਡਾ 'ਚ ਰਹਿੰਦੇ ਹਨ। ਜਦੋਂ ਤੱਕ ਉਹ ਅਸਲ ਵਰਕ ਪਰਮਿਟ ਪ੍ਰਾਪਤ ਨਹੀਂ ਕਰਦੇ, ਉਦੋਂ ਤੱਕ ਉਨ੍ਹਾਂ ਨੂੰ ਸੈਲਾਨੀਆਂ ਵਜੋਂ ਆਪਣੀ ਸਥਿਤੀ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਹਾਲਾਂਕਿ, ਉਹ ਆਪਣੀ PGWP ਅਰਜ਼ੀ 'ਤੇ ਫੈਸਲੇ ਦੀ ਉਡੀਕ ਕਰਦੇ ਹੋਏ ਸਮੇਂ ਕਰਨ ਦੇ ਯੋਗ ਨਹੀਂ ਹਨ। ਕੈਨੇਡਾ 'ਚ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਕਿਸੇ ਨੂੰ ਵੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕੈਨੇਡਾ 'ਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਤੁਹਾਨੂੰ ਕੈਨੇਡਾ 'ਚ ਰਹਿਣ ਅਤੇ ਕੈਨੇਡੀਅਨ ਪੋਸਟ-ਸੈਕੰਡਰੀ ਸੰਸਥਾ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ 3 ਸਾਲਾਂ ਤੱਕ ਫੁੱਲ-ਟਾਈਮ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਕੈਨੇਡਾ 'ਚ ਪੋਸਟ ਗ੍ਰੈਜੂਏਟ ਵਰਕ ਪਰਮਿਟ ਲਈ ਅਰਜ਼ੀ ਦੇਣ ਦੇ ਯੋਗ ਹੋਣ ਲਈ, ਤੁਹਾਨੂੰ ਘੱਟੋ-ਘੱਟ 8 ਮਹੀਨਿਆਂ ਦੇ ਸਿੱਖਿਆ ਪ੍ਰੋਗਰਾਮ ਤੋਂ ਗ੍ਰੈਜੂਏਟ ਹੋਣਾ, ਕੈਨੇਡਾ ਦੀ ਕਿਸੇ ਯੂਨੀਵਰਸਿਟੀ ਤੋਂ ਅੰਡਰਗਰੈਜੂਏਟ ਜਾਂ ਗ੍ਰੈਜੂਏਟ ਪ੍ਰੋਗਰਾਮ ਪੂਰਾ ਕਰਨਾ ਜ਼ਰੂਰੀ ਹੈ। ਪਰਮਿਟ ਲਈ ਤੁਹਾਨੂੰ ਆਪਣੇ ਅੰਤਿਮ ਅੰਕ ਜਾਰੀ ਕਰਨ ਦੇ 180 ਦਿਨਾਂ ਦੇ ਅੰਦਰ ਵਰਕ ਪਰਮਿਟ ਲਈ ਅਰਜ਼ੀ ਦੇਣੀ ਹੋਵੇਗੀ।

# ਪੰਜਾਬ ਦੀ ਅਸਲੀ ਸੁੰਦਰਤਾ ਦਾ ਅਨੁਭਵ ਕਰਨ ਲਈ ਜਲੰਧਰ ਵਿੱਚ ਇਨ੍ਹਾਂ ਸਥਾਨਾਂ ਦਾ ਦੌਰਾ ਕਰੋ

ਰੰਗਲਾ ਪੰਜਾਬ ਹਵੇਲੀ ਇੱਕ ਰਵਾਇਤੀ ਪੰਜਾਬੀ-ਥੀਮ ਵਾਲਾ ਪਿੰਡ ਹੈ ਜੋ ਵੱਖ-ਵੱਖ ਗਤੀਵਿਧੀਆਂ ਦੀ ਪੇਸ਼ਕਸ਼ ਕਰਦਾ ਹੈ ਜਿੱਥੇ ਤੁਸੀਂ ਇੱਕ ਪਰੰਪਰਾਗਤ ਤਰੀਕੇ ਨਾਲ ਪੰਜਾਬੀ ਸੱਭਿਆਚਾਰ ਦੇ ਅਸਲ ਤੱਤ ਦਾ ਅਨੁਭਵ ਕਰ ਸਕਦੇ ਹੋ। ਤੁਸੀਂ ਪ੍ਰਮਾਣਿਕ ਪੰਜਾਬੀ ਸੱਭਿਆਚਾਰ ਦਾ ਆਨੰਦ ਲੈ ਸਕਦੇ ਹੋ ਅਤੇ ਪੰਜਾਬੀ ਗਤੀਵਿਧੀਆਂ ਦੇ ਵੱਖ-ਵੱਖ ਪਹਿਲੂਆਂ ਵਿੱਚ ਸ਼ਾਮਲ ਹੋ ਸਕਦੇ ਹੋ ਜਿਵੇਂ ਕਿ ਬੁਣਨਾ, ਨੱਚਣਾ, ਸੰਗਮਰਮਰ ਖੇਡਣਾ, ਪਾਣੀ ਲਿਆਉਣਾ, ਕਠਪੁਤਲੀ ਸ਼ੋਅ, ਅਤੇ ਸਭ ਤੋਂ ਦਿਲਚਸਪ ਇੱਕ ਸਜਾਵਟੀ ਮਾਸਟਰਪੀਸ ਹੈ ਜੋ ਤੁਹਾਨੂੰ ਸਮੇਂ ਦੇ ਨਾਲ ਮੁੜ ਸੁਰਜੀਤ ਕਰਨ ਲਈ ਲੈ ਜਾਵੇਗਾ। 'ਪਿੰਡ' ਜ਼ਿੰਦਗੀ। ਆਪਣੇ ਆਪ ਨੂੰ ਇਹਨਾਂ ਸਾਰੇ ਤਜ਼ਰਬਿਆਂ ਵਿੱਚ ਲੀਨ ਕਰੋ ਕਿਉਂਕਿ ਤੁਸੀਂ ਪੰਜਾਬੀ ਸੱਭਿਆਚਾਰ ਬਾਰੇ ਸਿੱਖਦੇ ਹੋ ਅਤੇ ਉਸ ਸਥਾਨ ਬਾਰੇ ਆਪਣੇ ਗਿਆਨ ਨੂੰ ਵਧਾਉਂਦੇ ਹੋ ਜਿੱਥੇ ਤੁਸੀਂ ਆਪਣੀ ਛੁੱਟੀਆਂ ਦੀ ਯਾਤਰਾ 'ਤੇ ਜਾ ਰਹੇ ਹੋ।




ਜਲੰਧਰ ਦੇ ਮੱਧ ਵਿਚ ਸਥਿਤ ਇਸ ਮੰਦਰ ਨੂੰ 200 ਸਾਲ ਤੋਂ ਵੱਧ ਪੁਰਾਣਾ ਮੰਨਿਆ ਜਾਂਦਾ ਹੈ। ਮਾਂ ਦੁਰਗਾ ਨੂੰ ਸਮਰਪਿਤ, ਦੇਵੀ ਮੰਦਿਰ ਸਭ ਤੋਂ ਪ੍ਰਮੁੱਖ ਢਾਂਚਾ ਹੈ ਅਤੇ ਜਲੰਧਰ ਵਿੱਚ ਸਭ ਤੋਂ ਪ੍ਰਸਿੱਧ ਸੈਰ-ਸਪਾਟਾ ਸਥਾਨਾਂ ਵਿੱਚੋਂ ਇੱਕ ਹੈ ਜੋ ਦੇਸ਼ ਭਰ ਤੋਂ ਇੱਥੇ ਪੂਜਾ ਕਰਨ ਲਈ ਆਉਣ ਵਾਲੇ ਬਹੁਤ ਸਾਰੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦਾ ਹੈ। ਇਸ ਮੰਦਰ ਦੇ ਪ੍ਰਮੁੱਖ ਆਕਰਸ਼ਣਾਂ ਵਿੱਚੋਂ ਇੱਕ ਇੱਕ ਪੁਰਾਣਾ ਸਰੋਵਰ ਹੈ ਜਿਸ ਨੂੰ ਬਹੁਤ ਸਾਰੇ ਹਿੰਦੂ ਸ਼ਰਧਾਲੂਆਂ ਦੁਆਰਾ ਪਵਿੱਤਰ ਮੰਨਿਆ ਜਾਂਦਾ ਹੈ, ਇਹ ਸ਼ਾਨਦਾਰ ਅਤੇ ਪ੍ਰਾਚੀਨ ਮੰਦਰ ਦੇ ਵਿਰੁੱਧ ਇੱਕ ਸ਼ਾਂਤ ਪਿਛੋਕੜ ਵੀ ਪੇਸ਼ ਕਰਦਾ ਹੈ।



ਗੁਰਦੁਆਰਾ ਸ਼ਹੀਦ ਗੰਜ ਸਾਹਿਬ ਸਿੱਖ ਯੋਧਿਆਂ ਦੀ ਸ਼ਹਾਦਤ ਨੂੰ ਯਾਦ ਕਰਦਾ ਹੈ। ਇਸਦੀ ਆਰਕੀਟੈਕਚਰਲ ਸਾਦਗੀ ਉਨ੍ਹਾਂ ਲੋਕਾਂ ਦੁਆਰਾ ਕੀਤੀਆਂ ਨਿਮਰ ਕੁਰਬਾਨੀਆਂ ਨਾਲ ਗੂੰਜਦੀ ਹੈ ਜਿਨ੍ਹਾਂ ਨੇ ਆਪਣੇ ਵਿਸ਼ਵਾਸ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। 18ਵੀਂ ਸਦੀ ਵਿੱਚ ਸਥਾਪਿਤ, ਇਹ ਸਿੱਖ ਯੋਧਿਆਂ ਦੀ ਬਹਾਦਰੀ ਅਤੇ ਬਹਾਦਰੀ ਦੇ ਮੂਕ ਗਵਾਹ ਵਜੋਂ ਖੜ੍ਹਾ ਹੈ, ਜੋ ਕਿ ਨਿਆਂ ਅਤੇ ਧਾਰਮਿਕਤਾ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਹੈ।



ਜੇ ਤੁਸੀਂ ਸੋਚਦੇ ਹੋ ਕਿ ਇਹ ਸ਼ਹਿਰ ਕੁਝ ਗੁਆ ਰਿਹਾ ਹੈ, ਤਾਂ ਇਹ ਆਕਰਸ਼ਣ ਇਸ ਸਭ ਨੂੰ ਕਵਰ ਕਰਦਾ ਹੈ. ਇਹ ਸਹੀ ਹੈ, ਜਲੰਧਰ ਨਾ ਸਿਰਫ਼ ਪ੍ਰਾਚੀਨ ਅਤੇ ਸੱਭਿਆਚਾਰਕ ਤੌਰ 'ਤੇ ਸੰਚਾਲਿਤ ਸਮਾਰਕਾਂ ਦੀ ਧਰਤੀ ਹੈ, ਬਲਕਿ ਇਸ ਵਿੱਚ ਆਧੁਨਿਕ ਭਵਿੱਖ ਦੇ ਮਨੋਰੰਜਕ ਵਿਗਿਆਨ ਕੇਂਦਰ ਦੀ ਵੀ ਛੂਹ ਹੈ। ਪੁਸ਼ਪਾ ਗੁਜਰਾਲ ਸਾਇੰਸ ਸਿਟੀ ਇੱਕ ਮਜ਼ੇਦਾਰ ਤਰੀਕੇ ਨਾਲ ਵਿਗਿਆਨ ਬਾਰੇ ਸਿੱਖਣ ਦਾ ਜਵਾਬ ਹੈ। ਤੁਹਾਨੂੰ ਪ੍ਰਵੇਸ਼ ਦੁਆਰ 'ਤੇ ਇੱਕ ਵਿਸ਼ਾਲ ਡਾਇਨਾਸੌਰ ਦੁਆਰਾ ਸਵਾਗਤ ਕੀਤਾ ਜਾਵੇਗਾ ਅਤੇ ਇੱਕ ਵਾਰ ਜਦੋਂ ਤੁਸੀਂ ਅੰਦਰ ਹੋ ਜਾਂਦੇ ਹੋ, ਤਾਂ ਤੁਸੀਂ ਬਹੁਤ ਸਾਰੇ ਮਜ਼ੇਦਾਰ ਤੱਤਾਂ ਦੀ ਉਮੀਦ ਕਰ ਸਕਦੇ ਹੋ ਜੋ ਮੁੱਖ ਤੌਰ 'ਤੇ ਖੇਤੀਬਾੜੀ ਵਾਲੀ ਜ਼ਮੀਨ ਵਿੱਚ ਤਕਨਾਲੋਜੀ ਅਤੇ ਆਧੁਨਿਕ ਵਿਗਿਆਨ ਨੂੰ ਦਰਸਾਉਂਦੇ ਹਨ। ਸੈਲਾਨੀ ਅਜਾਇਬ ਘਰ ਦੇ ਮੈਦਾਨਾਂ ਨੂੰ ਪਾਰ ਕਰ ਸਕਦੇ ਹਨ, ਅਤੇ ਗੈਲਰੀਆਂ ਵਿੱਚ ਸੈਰ ਕਰ ਸਕਦੇ ਹਨ ਜੋ ਭੌਤਿਕ ਤੋਂ ਸਮਾਜਿਕ ਵਿਗਿਆਨ, ਵਿਕਾਸ, ਸਿਹਤ, ਪ੍ਰਮਾਣੂ ਵਿਗਿਆਨ ਅਤੇ ਰੋਬੋਟਿਕਸ ਤੱਕ ਦੇ ਵਿਸ਼ਿਆਂ ਦੀ ਇੱਕ ਸ਼੍ਰੇਣੀ ਨੂੰ ਕਵਰ ਕਰਦੇ ਹਨ। ਕੇਂਦਰ ਵਿੱਚ ਇੱਕ ਵੱਡੀ-ਫਾਰਮੈਟ ਆਈਮੈਕਸ ਸਕ੍ਰੀਨ ਅਤੇ ਇੱਕ ਡਿਜੀਟਲ ਪਲੈਨੇਟੇਰੀਅਮ ਵੀ ਸ਼ਾਮਲ ਹੈ ਜੋ ਸਪੇਸ ਦੇ ਅਜੂਬਿਆਂ ਦੀ ਪੜਚੋਲ ਕਰਦਾ ਹੈ।




ਜੰਗ-ਏ-ਆਜ਼ਾਦੀ ਯਾਦਗਾਰ ਇੱਕ ਯਾਦਗਾਰ ਅਤੇ ਅਜਾਇਬ ਘਰ ਹੈ ਜੋ ਭਾਰਤ ਦੀ ਆਜ਼ਾਦੀ ਦੀ ਲਹਿਰ ਦੌਰਾਨ ਪੰਜਾਬੀ ਭਾਈਚਾਰੇ ਦੇ ਯੋਗਦਾਨ ਅਤੇ ਕੁਰਬਾਨੀਆਂ ਦੀ ਯਾਦ ਵਿੱਚ ਬਣਾਇਆ ਗਿਆ ਹੈ। ਇਸ ਯਾਦਗਾਰ ਦਾ ਉਦੇਸ਼ ਨੌਜਵਾਨਾਂ ਦੇ ਮਨਾਂ ਵਿੱਚ ਰਾਜ ਦੀ ਅਮੀਰ ਸੱਭਿਆਚਾਰਕ ਵਿਰਾਸਤ ਬਾਰੇ ਗਿਆਨ ਦਾ ਪ੍ਰਸਾਰ ਕਰਨਾ ਹੈ। ਯਾਦਗਾਰ ਦੀ ਸਥਾਪਨਾ 19 ਅਕਤੂਬਰ 2014 ਨੂੰ ਕੀਤੀ ਗਈ ਸੀ



ਜਲੰਧਰ ਦੇ ਕੁਦਰਤ ਪ੍ਰੇਮੀਆਂ ਨੂੰ ਇਸ ਪਾਰਕ ਦਾ ਦੌਰਾ ਕਰਨਾ ਚਾਹੀਦਾ ਹੈ ਜੋ ਹਰਿਆਲੀ ਨਾਲ ਘਿਰਿਆ ਹੋਇਆ ਹੈ ਅਤੇ ਦਿਲਚਸਪ ਗਤੀਵਿਧੀਆਂ ਪੇਸ਼ ਕਰਦਾ ਹੈ ਜੋ ਬੱਚਿਆਂ ਨੂੰ ਵਿਅਸਤ ਰੱਖਣਗੀਆਂ। ਇਹ ਪਾਰਕ ਜਲੰਧਰ ਦਾ ਇੱਕ ਮੁੱਖ ਆਕਰਸ਼ਣ ਹੈ ਜੋ ਕੇਂਦਰੀ ਤੌਰ 'ਤੇ ਸਥਿਤ ਹੈ ਅਤੇ ਪਹੁੰਚਣਾ ਆਸਾਨ ਹੈ। ਇਸ ਵਿੱਚ ਮਨੋਰੰਜਕ ਰਾਈਡਾਂ ਅਤੇ ਸੁੰਦਰ ਕੁਦਰਤੀ ਸਥਾਨਾਂ ਵਰਗੀਆਂ ਮਜ਼ੇਦਾਰ ਗਤੀਵਿਧੀਆਂ ਸ਼ਾਮਲ ਹਨ ਜਿਨ੍ਹਾਂ ਦਾ ਸੈਲਾਨੀ ਦੁਨਿਆਵੀ ਜੀਵਨ ਤੋਂ ਛੁੱਟੀ ਲੈਣ ਲਈ ਆਨੰਦ ਲੈ ਸਕਦੇ ਹਨ। ਮਨਮੋਹਕ ਝਰਨੇ ਦੇ ਗਵਾਹ ਬਣੋ ਅਤੇ ਪਾਣੀ ਦੇ ਸਰੀਰਾਂ 'ਤੇ ਆਪਣੀਆਂ ਅੱਖਾਂ ਦਾ ਆਨੰਦ ਮਾਣੋ, ਤਾਜ਼ੀ ਹਵਾ ਵਿੱਚ ਸਾਹ ਲਓ ਅਤੇ ਇਸ ਪਾਰਕ ਵਿੱਚ ਜੀਵਨ ਭਰ ਲਈ ਯਾਦਾਂ ਬਣਾਓ। ਭੋਜਨ ਪ੍ਰੇਮੀਆਂ ਲਈ ਇਹ ਜਲੰਧਰ ਵਿੱਚ ਘੁੰਮਣ ਲਈ ਸਭ ਤੋਂ ਵਧੀਆ ਸਥਾਨਾਂ ਵਿੱਚੋਂ ਇੱਕ ਹੈ।




ਜਲੰਧਰ ਦਾ ਪ੍ਰਸਿੱਧ ਸ਼ਿਵ ਮੰਦਰ ਸੁਲਤਾਨਪੁਰ ਲੋਧੀ ਦੇ ਨਵਾਬ ਦੁਆਰਾ ਬਣਾਇਆ ਗਿਆ ਸੀ ਅਤੇ ਇਹ ਮਸਜਿਦ ਇਮਾਮ ਨਾਸਰ ਦੇ ਨੇੜੇ ਗੁਰ ਮੰਡੀ ਦੇ ਅੰਦਰ ਸਥਿਤ ਹੈ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਨਵਾਬ ਇੱਕ ਨਵੀਂ ਵਿਆਹੀ ਹਿੰਦੂ ਲੜਕੀ ਵੱਲ ਆਕਰਸ਼ਿਤ ਹੋਇਆ ਸੀ, ਪਰ ਉਹ ਭਗਵਾਨ ਸ਼ਿਵ ਦੀ ਭਗਤ ਹੋਣ ਕਰਕੇ, ਉਸ ਨੂੰ ਅਗਵਾ ਕਰਨ ਦੀ ਆਪਣੀ ਚਾਲਬਾਜ਼ ਯੋਜਨਾ ਨੂੰ ਲਾਗੂ ਕਰਨ ਤੋਂ ਪਹਿਲਾਂ ਇੱਕ ਸੱਪ ਦੁਆਰਾ ਬਚਾ ਲਿਆ ਗਿਆ ਸੀ। ਇਸ ਸੱਪ ਦੇ ਅਚਾਨਕ ਬਾਹਰੋਂ ਨਿਕਲਣ ਤੋਂ ਹੈਰਾਨ ਹੋ ਕੇ, ਨਵਾਬ ਨੇ ਲੜਕੀ ਤੋਂ ਮਾਫੀ ਮੰਗੀ ਅਤੇ ਇਹ ਮੰਦਰ ਬਣਵਾਇਆ, ਜੋ ਕਿ ਹੁਣ ਜਲੰਧਰ ਸ਼ਹਿਰ ਦੇ ਸਭ ਤੋਂ ਸਤਿਕਾਰਤ ਸਥਾਨਾਂ ਵਿੱਚੋਂ ਇੱਕ ਹੈ। ਅਸਥਾਨ ਦਾ ਇੱਕ ਅਸਾਧਾਰਨ ਆਰਕੀਟੈਕਚਰਲ ਡਿਜ਼ਾਇਨ ਹੈ ਜਿੱਥੇ ਇਸਦਾ ਗੇਟ ਇੱਕ ਮਸਜਿਦ ਦੀ ਸ਼ੈਲੀ ਵਿੱਚ ਬਣਾਇਆ ਗਿਆ ਹੈ ਜਦੋਂ ਕਿ ਬਾਕੀ ਮੰਦਰ ਕੰਪਲੈਕਸ ਆਰਕੀਟੈਕਚਰ ਦੀ ਹਿੰਦੂ ਸ਼ੈਲੀ ਵਿੱਚ ਹੈ।



ਸੋਡਲ ਰੋਡ 'ਤੇ ਦੇਵੀ ਤਾਲਾਬ ਮੰਦਿਰ ਦੇ ਬਿਲਕੁਲ ਕੋਲ ਸਥਿਤ, ਸੋਡਲ ਮੰਦਿਰ ਜਲੰਧਰ ਵਿੱਚ ਇੱਕ ਘੱਟ ਜਾਣੀ-ਪਛਾਣੀ ਪਰ ਸਭ ਤੋਂ ਮਹੱਤਵਪੂਰਨ ਥਾਵਾਂ ਵਿੱਚੋਂ ਇੱਕ ਹੈ। ਇਹ ਬਾਬਾ ਸੋਡਲ ਨੂੰ ਸਮਰਪਿਤ ਹੈ ਜੋ ਕਿ ਜਲੰਧਰ ਵਿੱਚ ਖੱਤਰੀ ਜਾਤੀ ਦੇ ਇੱਕ ਪਰਿਵਾਰ ਵਿੱਚ ਪੈਦਾ ਹੋਇਆ ਸੀ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਬਾਬਾ ਸੋਡਲ ਘਰ ਰਹਿਣ ਲਈ ਕਹਿਣ ਦੇ ਬਾਵਜੂਦ ਇੱਕ ਵਾਰ ਆਪਣੀ ਮਾਂ ਦੇ ਪਿੱਛੇ ਛੱਪੜ ਵੱਲ ਗਿਆ ਸੀ, ਜਿਸ ਤੋਂ ਨਾਰਾਜ਼ ਉਸਦੀ ਮਾਂ ਨੇ ਉਸਨੂੰ ਛੱਪੜ ਵਿੱਚ ਡੁੱਬਣ ਲਈ ਕਿਹਾ ਸੀ। ਉਸ ਦੇ ਕਹਿਣ 'ਤੇ, ਬਾਬਾ ਸੋਡਲ ਅਤੇ ਕਥਿਤ ਤੌਰ 'ਤੇ ਤਲਾਬ ਵਿੱਚ ਡੁੱਬ ਗਏ ਅਤੇ ਡੁੱਬ ਗਏ। ਇਸ ਮੰਦਿਰ ਵਿੱਚ ਹੁਣ ਉਸਦੀ ਇੱਕ ਪੇਂਟ ਕੀਤੀ ਤਸਵੀਰ ਵਾਲੀ ਸਮਾਧੀ ਹੈ ਜਿਸ ਨੂੰ ਮਾਲਾ ਅਤੇ ਮਾਲਾ ਨਾਲ ਸੁੰਦਰ ਢੰਗ ਨਾਲ ਸਜਾਇਆ ਗਿਆ ਹੈ। ਮੰਦਰ ਵਿੱਚ ਬਾਬਾ ਸੋਡਲ-ਦਾ-ਸਰੋਵਰ ਵਜੋਂ ਜਾਣਿਆ ਜਾਂਦਾ ਇੱਕ ਸਰੋਵਰ ਵੀ ਹੈ ਜਿੱਥੇ ਸ਼ਰਧਾਲੂ ਪਵਿੱਤਰ ਇਸ਼ਨਾਨ ਕਰਨਾ ਪਸੰਦ ਕਰਦੇ ਹਨ।

11 ਏਕੜ ਵਿਚ ਬਣੇ ਇਸ ਮਨੋਰੰਜਨ ਪਾਰਕ 'ਤੇ ਮਨਮੋਹਕ ਵਾਟਰ ਰਾਈਡਾਂ ਵਿਚ ਆਪਣੇ ਦੋਸਤਾਂ ਦੇ ਚਿਹਰਿਆਂ 'ਤੇ ਪਾਣੀ ਦੇ ਛਿੱਟੇ ਮਾਰ ਕੇ ਗਰਮੀ ਨੂੰ ਹਰਾਓ। ਵੀਕਐਂਡ ਬਿਤਾਉਣ ਦਾ ਵਧੀਆ ਤਰੀਕਾ, ਵੈਂਡਰਲੈਂਡ ਥੀਮ ਪਾਰਕ ਭਿਆਨਕ ਗਰਮੀ ਤੋਂ ਬਚਣ ਅਤੇ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਮੌਜ-ਮਸਤੀ ਕਰਨ ਲਈ ਇੱਕ ਸੰਪੂਰਨ ਛੁੱਟੀ ਦਾ ਮੌਕਾ ਬਣਾਉਂਦਾ ਹੈ। ਉੱਡਣ ਵਾਲੇ ਜਹਾਜ਼ਾਂ ਵਿੱਚ ਅਸਮਾਨ ਨੂੰ ਛੂਹੋ, ਭੂਤਰੇ ਘਰ ਵਿੱਚ ਚੀਕਣੀਆਂ ਨੂੰ ਮਹਿਸੂਸ ਕਰੋ ਅਤੇ ਪਾਣੀ ਦੀਆਂ ਸਵਾਰੀਆਂ ਵਿੱਚ ਛਿੱਟੇ ਮਾਰੋ। ਇਸ ਮਨੋਰੰਜਨ ਪਾਰਕ ਦੇ ਮੁੱਖ ਆਕਰਸ਼ਣਾਂ ਵਿੱਚੋਂ ਇੱਕ ਵੇਵ ਪੂਲ ਅਤੇ ਐਕਵਾ ਡਾਂਸ ਫਲੋਰ ਹੈ ਜਿੱਥੇ ਤੁਸੀਂ ਸ਼ਾਬਦਿਕ ਤੌਰ 'ਤੇ ਇਸ ਨੂੰ ਭਿੱਜਦੇ ਹੋਏ ਆਪਣੇ ਮਨਪਸੰਦ ਟਰੈਕਾਂ ਦੀ ਧੜਕਣ 'ਤੇ ਝੁਕ ਸਕਦੇ ਹੋ!



ਇਹ ਗੁਰਦੁਆਰਾ ਸ਼ਹੀਦ ਬਾਬਾ ਨਿਹਾਲ ਸਿੰਘ ਦੀ ਯਾਦ ਵਿੱਚ ਲੱਗਣ ਵਾਲੇ ਸਲਾਨਾ ਸ਼ਹੀਦੀ ਜੋੜ ਮੇਲੇ (ਮੇਲਾ) ਲਈ ਮਸ਼ਹੂਰ ਹੈ, ਇਹ ਮੇਲਾ ਜਲੰਧਰ ਵਿੱਚ ਇੱਕ ਵੱਡਾ ਆਕਰਸ਼ਣ ਹੈ ਅਤੇ ਇਸ ਗੁਰਦੁਆਰੇ ਦੀ ਚਿੱਟੀ ਸੰਗਮਰਮਰ ਦੀ ਪਿੱਠਭੂਮੀ ਇੱਕ ਸ਼ਾਂਤ ਵਾਤਾਵਰਣ ਪ੍ਰਦਾਨ ਕਰਦੀ ਹੈ ਤਾਂ ਜੋ ਤੁਸੀਂ ਆਲੇ ਦੁਆਲੇ ਘੁੰਮ ਸਕੋ। ਸ਼ਾਂਤੀ ਵਿੱਚ ਅਤੇ ਇਸ ਸਥਾਨ ਦੀ ਸ਼ਾਂਤੀ ਨੂੰ ਜਜ਼ਬ ਕਰੋ।



ਇਹ ਅਜਾਇਬ ਘਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ, ਪੰਜਾਬ ਦੇ ਮਹਾਨ ਸ਼ਹੀਦ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ, ਨੂੰ ਸਮਰਪਿਤ ਹੈ। ਇਹ ਇਤਿਹਾਸਕ ਸਮਾਰਕ ਇਤਿਹਾਸ ਅਤੇ ਸੱਭਿਆਚਾਰ ਅਤੇ ਬ੍ਰਿਟਿਸ਼ ਰਾਜ ਦੌਰਾਨ ਹੋਏ ਅੱਤਿਆਚਾਰਾਂ ਨੂੰ ਦਰਸਾਉਂਦਾ ਹੈ।



ਤੁਲਸੀ ਮੰਦਰ ਅਸਲ ਵਿੱਚ ਜਲੰਧਰ ਦੀ ਪਤਨੀ ਵਰਿੰਦਾ ਦਾ ਮੰਦਰ ਹੈ। ਇਹ ਇੱਕ ਬਹੁਤ ਹੀ ਪ੍ਰਾਚੀਨ ਸਮਾਰਕ ਹੈ ਅਤੇ ਇਸ ਸ਼ਹਿਰ ਦੇ ਕੋਟ ਕਿਸ਼ਨ ਚੰਦ ਇਲਾਕੇ ਵਿੱਚ ਸਥਿਤ ਹੈ। ਤੁਹਾਨੂੰ ਮੰਦਰ ਦੇ ਇੱਕ ਪਾਸੇ ਇੱਕ ਸਰੋਵਰ ਮਿਲੇਗਾ ਜੋ ਮੰਨਿਆ ਜਾਂਦਾ ਹੈ ਕਿ ਪੁਰਾਣੇ ਜ਼ਮਾਨੇ ਵਿੱਚ ਜਲੰਧਰ ਦੇ ਭੂਤ ਦੇ ਇਸ਼ਨਾਨ ਸਥਾਨ ਵਜੋਂ ਸੇਵਾ ਕੀਤੀ ਗਈ ਸੀ। ਤੁਸੀਂ ਗੁਫਾ ਦੇ ਮੰਦਰ ਦਾ ਵੀ ਦੌਰਾ ਕਰ ਸਕਦੇ ਹੋ ਜੋ ਇਸ ਮੰਦਿਰ ਤੋਂ ਪੈਦਲ ਦੂਰੀ 'ਤੇ ਸਥਿਤ ਹੈ ਅਤੇ ਬਹੁਤਾਤ ਦੀ ਦੇਵੀ ਅੰਨਪੂਰਨਾ ਦੀ ਮੂਰਤੀ ਰੱਖਦਾ ਹੈ। ਤੁਹਾਨੂੰ ਬ੍ਰਹਮਾ ਕੁੰਡ ਦੇ ਨਾਲ-ਨਾਲ ਭਗਵਾਨ ਸ਼ਿਵ ਅਤੇ ਭਗਵਾਨ ਹਨੂੰਮਾਨ ਦੇ ਦੋ ਪ੍ਰਾਚੀਨ ਮੰਦਰਾਂ ਦੇ ਨਾਲ-ਨਾਲ ਤੁਲਸੀ ਮੰਦਰ ਦੇ ਬਹੁਤ ਨੇੜੇ ਸਥਿਤ ਭਗਵਾਨ ਸ਼ਿਵ ਨੂੰ ਸਮਰਪਿਤ ਵੱਖ-ਵੱਖ ਮੰਦਰ ਵੀ ਮਿਲਣਗੇ। ਇਹ ਜਲੰਧਰ, ਪੰਜਾਬ ਵਿੱਚ ਦੇਖਣ ਲਈ ਸਭ ਤੋਂ ਮਨਮੋਹਕ ਸਥਾਨਾਂ ਵਿੱਚੋਂ ਇੱਕ ਹੈ।

